# ਅੰਮ੍ਰਿਤ ਕੀਰਤਨ



# AMRIT KIRTAN

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਅਕਤੂਬਰ 2003

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 10 ◆ ਸਾਲ ਪੰਦਰਵਾਂ ◆ ਅਕਤੂਬਰ 2003



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਮਿਤ੍ਰ ਅਸਾਡੜੇ ਸੇਈ — 2
*ਪਾਠਕਾਂ ਦੇ ਪੱਤਰ*

ਕਰਉ ਬੇਨੰਤੀਆ — 4
*ਸੰਪਾਦਕੀ*

ਗੁਰਬਾਣੀ ਗਾਵਹੁ ਭਾਈ... ॥ — 6
*ਗੁਰਚਰਨ ਸਿੰਘ ਸੰਘਾ*

ਭਾਈ ਅਮਰੀਕ ਸਿੰਘ ਜ਼ਖਮੀ — 8
*ਡਾ. ਜਤਿੰਦਰ ਸਿੰਘ ਜੌਲੀ*

ਤੂੰ ਸਭਨੀ ਥਾਈ ਜਿਥੈ ਹਉ ਜਾਈ — 10
*ਭਗਵੰਤ ਸਿੰਘ ਦਲਾਵਰੀ*

ਮਾਤਾ ਧਰਤਿ ਮਹਤੁ — 13
*ਕੁਲਬੀਰ ਸਿੰਘ*

ਸਾਡੇ ਕੀਰਤਨੀਏ — 16
*ਭਾਈ ਅਵਤਾਰ ਸਿੰਘ ਹੰਸ*

ਕੁੱਲੀ ਧਰਮਸਾਲ ਬਣ ਚਮਕੀ — 19
*ਮਨਮੋਹਨ ਸਿੰਘ ਦਾਊਂ*

ਪਾਰਦਰਸ਼ਕ - ਦੂਰ ਦ੍ਰਿਸ਼ਟੀ — 19
*ਡਾ. ਜਸਬੀਰ ਸਿੰਘ ਸਰਨਾ*

ਮਰਨ ਲਈ ਬਹੁਤ ਸਮਾਂ ਪਿਆ ਹੈ — 20
*ਮੁਹੰਮਦ ਹਜਾਜ਼ੀ*

ਪੁਸਤਕ ਸਮੀਖਿਆ — 23
*ਡਾ. ਗੁਰਮੀਤ ਸਿੰਘ ਬੈਦਵਾਣ*

ਸੁਰ ਲਿਪੀਆਂ — 25
*ਉਤਮ ਸਿੰਘ*

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ — 26
*ਮਨਮੋਹਨ ਸਿੰਘ*

ਆਓ ਕੁਝ ਕਰੀਏ — 27
*ਕੁਲਦੀਪ ਸਿੰਘ*

ਸਿੱਖ ਸੇਵਾਦਾਰ ਸਿਖਲਾਈ ਕੈਂਪ ਦੀ ਰਿਪੋਰਟ — 28
*ਜਸਵੰਤ ਕੌਰ*



Title Designed by Ajay Yashpaul
# 3092, Sector 37-D, Chd. Mb: 9815481273, 694607 (R)

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰ ਅਸਾਡੜੇ ਸੇਈ

♦ ਅਗਸਤ ਦਾ ਅੰਮ੍ਰਿਤ ਕੀਰਤਨ ਬੇਹੱਦ ਪਸੰਦ ਆਇਆ। ਡੇਰਾ ਬਾਬਾ ਨਾਨਕ ਲੇਖ, ਕਰਤਾਰ ਸਿੰਘ ਗੋਸ਼ਟੀ ਦਾ ਲੇਖ ਸਿੱਖਇਜ਼ਮ ਦਾ ਪ੍ਰਚਾਰ, ਸੰਤ ਬਾਬਾ ਸੁੱਚਾ ਸਿੰਘ ਜੀ ਦੀ ਪਹਿਲੀ ਬਰਸੀ ਦੇ ਸਮਾਗਮ ਬਾਰੇ ਵਿਸ਼ੇਸ਼ ਜਾਣਕਾਰੀ ਛਾਪਣ ਲਈ ਧੰਨਵਾਦ। ਉਹਨਾਂ ਵਲੋਂ ਨਿਰਧਾਰਤ ਰਾਗਾਂ ਵਿਚ ਕੀਰਤਨ ਗਾਇਨ ਸ਼ੁਰੂ ਕਰਾਉਣਾ ਬਹੁਤ ਹੀ ਸ਼ਲਾਘਾਯੋਗ ਕੰਮ ਸੀ। ਪ੍ਰਮਾਤਮਾ ਸੰਤ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ। ਸ. ਉਤਮ ਸਿੰਘ ਮੁਹਾਲੀ ਵਲੋਂ ਰਾਗ ਜੈਤਸਰੀ ਵਿੱਚ ਤਿੰਨ ਤਾਲ ਦੀ ਬੰਦਸ ਆਦਿਕ ਸਮੱਗਰੀ ਬਹੁਤ ਹੀ ਖੋਜ ਭਰਪੂਰ ਸੀ।

*- ਪ੍ਰੋ. ਮੰਗਤ ਸਿੰਘ ਮਸਤਾਨਾ*
*ਅਸ਼ੋਕਾ ਰਿਫਰੈਸ਼ਮੈਂਟ, ਮਲੋਟ (ਮੁਕਤਸਰ)*

♦ 'ਅੰਮ੍ਰਿਤ ਕੀਰਤਨ' ਪ੍ਰਾਪਤ ਕਰਕੇ ਖੁਸ਼ੀ ਅਤੇ ਹੈਰਾਨੀ ਹੋਈ। ਖੁਸ਼ੀ ਇਸ ਗੱਲ ਦੀ ਕਿ ਪਿਆਸੇ ਨੂੰ ਪਾਣੀ ਨਹੀ, ਸਗੋਂ ਅੰਮ੍ਰਿਤ ਬਾਣੀ ਵਾਲਾ ਮੈਗਜ਼ੀਨ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਤੁਸੀਂ ਤੇ ਤੁਹਾਡਾ ਟ੍ਰਸਟ ਧੰਨਤਾ ਦੇ ਯੋਗ ਹੈ ਜੋ "ਕੁਲਿਯੁਗ ਮਹਿ ਕੀਰਤਨ ਪ੍ਰਧਾਨਾ" ਨੂੰ ਮੁੱਖ ਰੱਖ ਕੇ ਤਪਦੇ ਹਿਰਦਿਆਂ ਨੂੰ ਸ਼ਾਂਤ ਕਰਨ ਦੇ ਉਪਰਾਲੇ ਕਰ ਰਹੇ ਹੋ। ਵਾਹਿਗੁਰੂ, ਅਕਾਲ ਪੁਰਖ ਆਪ ਜੀ ਨੂੰ ਚੜ੍ਹਦੀ ਕਲਾ ਵਿੱਚ ਰੱਖਦੇ ਹੋਏ ਸੇਵਾ, ਸਫਲਤਾ ਦੀ ਬਹੁਤੀ ਬਖਸ਼ਿਸ਼ ਕਰਨ। ਤੁਛ ਬੁੱਧੀ ਅਨੁਸਾਰ ਕੁਝ ਵਿਚਾਰ ਮਨ ਵਿੱਚ ਆਏ ਹਨ। ਪਹਿਲਾ ਵਿਚਾਰ ਤਾਂ ਇਹ ਹੈ ਕਿ "ਅੰਮ੍ਰਿਤ ਕੀਰਤਨ" ਦਾ ਪੰਦਰਵਾਂ ਸਾਲ ਹੈ ਜਾਣੀ ਕਿ ਮੈਗਜ਼ੀਨ ਜੁਵਾਨ ਅਵਸਥਾ ਵਿੱਚ ਪ੍ਰਵੇਸ਼ ਕਰ ਗਿਆ ਹੈ। ਪਰ ਇਸ ਦੀ ਸਿਹਤ (ਦਿੱਖ) ਕਮਜ਼ੋਰ ਬੱਚੇ ਵਰਗੀ ਲੱਗਦੀ ਹੈ। ਭਾਵ ਕਿ ਰਚਨਾਵਾਂ/ਲੇਖਕਾਂ ਦੀ ਘਾਟ ਮਹਿਸੂਸ ਹੁੰਦੀ ਹੈ। ਕ੍ਰਿਪਾ ਕਰਕੇ ਮੈਟਰ ਵਧਾਉਣ ਦੀ ਕ੍ਰਿਪਾਲਤਾ ਕਰੋ ਜੀ।

ਅਗਸਤ ਦੇ ਮੈਗਜ਼ੀਨ ਵਿਚਲੀਆਂ ਰਚਨਾਵਾਂ ਪਸੰਦ ਆਈਆਂ। 'ਸਨਮਾਨ ਤੇ ਫਰਜ਼' ਆਪ ਜੀ ਦੀ ਸਖਸ਼ੀਅਤ ਦਾ ਸ਼ੀਸ਼ਾ ਹੈ। ਵਾਹਿਗੁਰੂ ਆਪ ਜੀ ਨੂੰ ਆਪਣੇ ਫਰਜ਼ ਦ੍ਰਿੜਤਾ, ਸਿਰੜ ਅਤੇ ਸੇਵਾ ਭਾਵਨਾ ਨਾਲ ਨਿਭਾਉਣ ਦਾ ਬਲ ਬਖਸ਼ਿਸ਼ ਕਰਨ ਪ੍ਰੋ. ਕਰਤਾਰ ਸਿੰਘ ਹੋਰਾਂ ਦਾ ਲੇਖ 'ਕੀਰਤਨ ਚਉਂਕੀਆਂ' ਪਾਠਕਾਂ ਨੂੰ ਸਿਫਤੀ ਦੇ ਘਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੱਲ ਰਹੇ ਕੀਰਤਨ ਦੇ ਨਿਰੰਤਰ ਪ੍ਰਵਾਹ ਬਾਰੇ ਭਰਪੂਰ ਜਾਣਕਾਰੀ ਦਿੰਦਾ ਹੈ। ਡਾ. ਜੇ ਕੌਰ ਦਾ ਲੇਖ 'ਮਹਾਨ ਗੁਰਮਤਿ ਸੰਗੀਤ ਪ੍ਰੰਪਰਾ' ਖੋਜੀ ਲੇਖ ਹੈ। ਕਰਤਾਰ ਸਿੰਘ ਗੋਸਟੀ ਦੇ ਲੇਖ 'ਸਿੱਖਇੱਜ਼ਮ ਦਾ ਪ੍ਰਚਾਰ' ਧਿਆਨ ਖਿੱਚਦਾ ਹੈ। ਸਿੱਖਾਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਦੀ ਪ੍ਰੇਰਨਾ ਵੀ ਦਿੰਦਾ ਹੈ।

*- ਡਾ. ਸ਼ਾਮ ਸਿੰਘ ਬੇਲਾ*
*ਕੁੰਡਲਸ ਕਲੀਨਿਕ ਬੇਲਾ, ਰੋਪੜ*

♦ ਸੰਗੀਤ ਨਾਟਕ ਅਕਾਦਮੀ ਵਲੋਂ ਮਿਲਿਆ ਸਨਮਾਨ ਬਾਰੇ ਦਾਸ ਵਲੋਂ ਬਹੁਤ ਬਹੁਤ ਵਧਾਈਆਂ ਪ੍ਰਵਾਨ ਕਰਨੀਆਂ ਜੀ ਬਾਕੀ ਜੁਲਾਈ ਅੰਕ ਦੇ (ਕਰਓ ਬੇਨੰਤੀਆਂ) ਦੇ ਵਿੱਚ ਆਪ ਜੀ ਦੀ ਪੂਰੀ ਤਰ੍ਹਾਂ ਤੰਦਰੁਸਤ ਨਾ ਹੋਣ ਬਾਰੇ ਜੋ ਮੁਸ਼ਕਲਾਂ ਆ ਰਹੀਆਂ ਹਨ ਉਹਨਾਂ ਬਾਰੇ ਮੰਨ ਨੂੰ ਠੇਸ ਜਿਹੀ ਪਹੁੰਚੀ ਹੈ। ਗੁਰੂ ਨਾਲ ਪਿਆਰ ਕਰਨ ਵਾਲੇ ਨੂੰ ਵੀ ਮੁਸ਼ਕਲਾਂ ਆ ਜਾਂਦੀਆਂ ਹਨ ਅਤੇ ਪਰਚੇ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਵਾਹਿਗੁਰੂ ਅੰਗ ਸੰਗ ਹੈ ਜੋ ਉਪਰਾਲਾ ਤੁਸੀਂ ਕਰ ਰਹੇ ਹੋ ਗੁਰਬਾਣੀ ਦਾ ਘਰ ਘਰ ਪ੍ਰਚਾਰ ਐਸੇ ਸਸਤੇ ਮੁੱਲ ਵਿੱਚ ਭੇਜ ਰਹੇ ਹੋ, ਹੋ ਸਕਦਾ ਹੈ ਇਹ ਕਾਪੀਆਂ ਕਈ ਲੱਖਾਂ ਵਿੱਚ ਹੋ ਜਾਣ ਇਹ ਸੁਪਨਾ ਇਕ ਦਿਨ ਜ਼ਰੂਰ ਪੂਰਾ ਹੋਵੇਗਾ; ਬਾਕੀ ਵਾਹਿਗੁਰੂ ਆਪ ਜੀ ਨੂੰ ਪੂਰੀ ਤੰਦਰੁਸਤੀ ਬਖਸ਼ਸ਼ ਕਰਨ ਤਾਂ ਜੋ ਵੱਧ ਵੱਧ ਸੇਵਾ ਕਰ ਸਕਣ। ਬਾਕੀ ਮੇਰਾ ਇਕ ਸੁਝਾਓ ਪ੍ਰਵਾਨ ਕਰਨਾ ਜੀ ਕਿ ਜੋ ਗੁਰਬਾਣੀ ਦੀਆਂ ਕੈਸੈਟਾਂ ਮਾਰਕੀਟ ਵਿੱਚ ਚਲਦੀਆਂ ਹਨ ਉਸ ਦੀਆਂ ਸਮੀਖਿਆ ਜ਼ਰੂਰ ਪ੍ਰਕਾਸ਼ਤ ਕਰਿਆ ਕਰੋ ਤਾਂ ਜੋ ਗੁਰਬਾਣੀ ਵਿਚ ਕਈ ਰਾਗੀਆਂ ਦੀਆਂ ਕੱਢੀਆਂ ਕੈਸੇਟਾਂ ਗਲਤੀ ਨਾਲ ਆ ਜਾਂਦੀਆਂ ਹਨ ਜੋ ਸਾਂਭਣ ਯੋਗ ਨਹੀਂ ਹੁੰਦਿਆਂ ਇਕ ਬਾਰ ਸੁਨਣ ਨਾਲ ਹੀ ਦੁਬਾਰਾ ਮਨ ਨਹੀਂ ਕਰਦਾ, ਜੋ ਸਾਂਭਣ ਯੋਗ ਹੋਣ ਉਹਨਾਂ ਦੀ ਸੰਖਿਆ ਦਾ ਪਤਾ ਚੱਲੇ।

*- ਸੁਰਿੰਦਰ ਸਿੰਘ ਸੋਹਲ*
*221, ਨੇੜੇ ਸੀਆਈਡੀ ਦਫ਼ਤਰ,*
*ਹਾਊਸਿੰਗ ਬੋਰਡ ਕਲੋਨੀ, ਫਿਰੋਜ਼ਪੁਰ (ਪੰਜਾਬ)*

♦ ਸਤੰਬਰ 2003 ਦਾ ਅੰਕ ਮਿਲਿਆ। ਮੈਨੂੰ ਕੀਰਤਨ ਤੇ ਸੰਗੀਤ, ਪੂਰਬੀ ਹੋਵੇ ਜਾਂ ਪੱਛਮੀ, ਚੰਗੇ ਤਾਂ ਲੱਗਦੇ ਹਨ।

ਪਾਠਕਾਂ ਦੇ ਪੰਨੇ ਵਿਚੋਂ ਇਕ ਦਿਲਚਸਪ ਚੀਜ਼ ਮਿਲੀ ਹੈ। ਪ੍ਰੋ. ਐਸ ਐਸ ਮਸਤਾਨਾ ਜੀ ਦਾ ਪੱਤਰ ਪੜ੍ਹ ਕੇ ਜੁਲਾਈ ਅੰਕ ਵਿਚ ਛਪੀ ਸ੍ਰੀ ਰਤਨ ਦੀ ਕਵਿਤਾ 'ਸਪੀਕਰ ਦੀਆਂ ਚੀਕਾਂ' ਵੇਖਣ ਦੀ ਤੀਬਰ ਜਗਿਆਸਾ ਉਠੀ ਹੈ। ਮੈਂ ਧਰਮ ਅਸਥਾਨਾਂ ਦੀਆਂ ਛੱਤਾਂ 'ਤੇ ਲਗੀਆਂ ਇਨ੍ਹਾਂ ਕਲਯੁਗੀ ਮਸ਼ੀਨਾਂ ਨੂੰ ਸਮਾਜਕ ਬੁਰਾਈ ਤੇ ਧਾਰਮਿਕ ਸ਼ਬਦਾਂ ਦੀ ਘੋਰ ਬੇਅਦਬੀ ਸਮਝਦਾ ਹਾਂ। ਮਸਤਾਨਾ ਜੀ ਸਹੀ ਫਰਮਾਉਂਦੇ ਹਨ

ਕਿ ਟੀ ਵੀ ਚੈਨਲਾਂ ਦੇ ਗਾਣਿਆਂ ਨਾਲ ਪੜ੍ਹਾਈ ਖਰਾਬ ਹੁੰਦੀ ਹੈ, ਪਰ ਲਾਊਡ ਸਪੀਕਰਾਂ ਨਾਲ ਵੀ ਹੁੰਦੀ ਹੈ। ਸੱਤਿਆਨਾਸ ਨਾਲ ਸਵਾ ਸੱਤਿਆਨਾਸ ਜਾਇਜ਼ ਨਹੀਂ ਹੋ ਜਾਂਦਾ। ਆਪਣੇ ਘਰ ਕੋਈ ਜੋ ਸੁਣਨਾ ਚਾਹੇ ਸੁਣੇ, ਆਪਣੀ ਪੜ੍ਹਾਈ ਖਰਾਬ ਕਰਨਾ ਚਾਹੇ ਕਰੇ, ਪਰ ਹੋਰਨਾਂ ਨੂੰ ਜਬਰਦਸਤੀ ਕੁਝ ਵੀ ਸੁਣਾਉਣ ਦਾ ਕਿਸੇ ਨੂੰ ਅਧਿਕਾਰ ਨਹੀਂ। ਇਹ ਗੈਰ ਕਾਨੂੰਨੀ ਵੀ ਹੈ। ਗੁਰਦੁਆਰਿਆਂ ਬਾਰੇ ਤਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਦੀ ਅਪੀਲ ਦੇ ਸਪਸ਼ਟ ਸ਼ਬਦ ਹਨ ਕਿ ਇਨ੍ਹਾਂ ਦੀ ਆਵਾਜ਼ ਚਾਰ ਦੀਵਾਰੀ ਤੋਂ ਬਾਹਰ ਨਹੀਂ ਜਾਣੀ ਚਾਹੀਦੀ। ਉਨ੍ਹਾਂ ਕਿਹਾ ਹੈ ਕਿ ਬਾਣੀ ਸੁਣਨ ਸੰਗਤਾਂ ਨੂੰ ਖੁਦ ਗੁਰਦੁਆਰੇ ਚੱਲ ਕੇ ਆਉਣਾ ਚਾਹੀਦਾ ਹੈ, ਘਰਾਂ ਤੱਕ ਆਵਾਜ਼ ਪਹੁੰਚਾਣੀ ਠੀਕ ਨਹੀਂ। ਇਹ ਅਪੀਲ 13 ਮਈ 2001 ਦੇ ਅਜੀਤ ਵਿਚ ਛਪੀ ਸੀ, ਫੋਟੋ ਕਾਪੀ ਭੇਜ ਰਿਹਾ ਹਾਂ।

*- ਅਭੈ ਸਿੰਘ*

*5044-1, ਮਾਡਰਨ ਕੰਪਲੈਕਸ, ਮਨੀਮਾਜਰਾ, ਚੰਡੀਗੜ੍ਹ*

## ਧਰਮ ਅਸਥਾਨਾਂ ਦੀ ਆਵਾਜ਼ ਚਾਰ ਦੀਵਾਰੀ ਦੇ ਅੰਦਰ ਹੀ ਰਹੇ

ਅਣਚਾਹੀ ਆਵਾਜ਼ ਸ਼ੋਰ ਦਾ ਰੂਪ ਹੁੰਦੀ ਹੈ ਤੇ ਸ਼ੋਰ ਪ੍ਰਦੂਸ਼ਣ ਦਾ ਰੂਪ ਹੈ, ਸਿਹਤਮੰਦ ਵਾਤਾਵਰਣ ਅਤੇ ਆਲੇ-ਦੁਆਲੇ ਲਈ ਇਸ ਪ੍ਰਦੂਸ਼ਣ ਨੂੰ ਰੋਕਣਾ ਅਤੀ ਜ਼ਰੂਰੀ ਹੈ। ਇਹ ਪ੍ਰਦੂਸ਼ਣ ਧਾਰਮਿਕ ਪੱਧਰ ਤੇ ਵੀ ਉਸ ਵੇਲੇ ਫੈਲਦਾ ਹੈ ਜਦ ਸ਼ਹਿਰਾਂ ਦੀਆਂ ਅਬਾਦੀਆਂ ਛੋਟੇ ਕਸਬਿਆਂ ਅਤੇ ਪਿੰਡਾਂ ਵਿਚਲੇ ਕਈ ਕਈ ਧਾਰਮਿਕ ਅਸਥਾਨ ਸਵੇਰੇ ਅਤੇ ਸ਼ਾਮ ਸਮੇਂ ਇਕੱਠੇ ਹੀ ਉੱਚੀ ਆਵਾਜ਼ ਵਿਚ ਸਪੀਕਰ ਛੱਡ ਦੇਂਦੇ ਹਨ। ਭਾਵੇਂ ਉਨ੍ਹਾਂ ਦਾ ਮੁੱਖ ਮੰਤਵ ਜੁਗੋ ਜੁਗ ਅਟੱਲ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰ ਸਾਹਿਬਾਨ ਅਤੇ ਭਗਤਾਂ ਦੀ ਪਵਿੱਤਰ ਬਾਣੀ ਨੂੰ ਸ਼ਰਧਾਲੂਆਂ ਤੱਕ ਪਹੁੰਚਾਉਣਾ ਹੁੰਦਾ ਹੈ। ਪਰ ਜਦ ਇਸ ਬਾਣੀ ਦਾ ਕੀਰਤਨ ਜਾਂ ਕਥਾ ਵੱਖ-ਵੱਖ ਗੁਰਦੁਆਰਿਆਂ ਤੋਂ ਵੱਖ ਵੱਖ ਸੁਰਾਂ ਵਿਚ ਉੱਚੀ ਸੁਰ ਵਿਚ ਸ਼ੁਰੂ ਕੀਤੀ ਜਾਂਦੀ ਹੈ ਤਾਂ ਇਹ ਵੱਖ ਵੱਖ ਧੁਨੀਆਂ ਅਕਾਸ਼ ਮੰਡਲ ਵਿਚ ਪੁੱਜ ਕੇ ਆਪਸ ਵਿਚ ਰਲਗਡ ਹੋ ਜਾਂਦੀਆਂ ਹਨ। ਇਨ੍ਹਾਂ ਦਾ ਰੁਝੇਵਾਂ ਇਸ ਕੀਰਤਨ ਜਾਂ ਕਥਾ ਨੂੰ ਸ਼ੋਰ ਦਾ ਰੂਪ ਪ੍ਰਦਾਨ ਕਰ ਦੇਂਦਾ ਹੈ। ਇੰਝ ਇਹ ਪਵਿੱਤਰ ਬਾਣੀ ਥਾਂ ਲੋਕਾਂ ਦੇ ਕੰਨਾਂ ਵਿਚ ਸਿਰਫ ਸ਼ੋਰ ਹੀ ਪੁੱਜਦਾ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਸਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸਾਹਿਬਾਨ ਦੇ ਸਪੀਕਰਾਂ ਦੀ ਆਵਾਜ਼ ਸੀਮਿਤ ਕਰਵਾਏ। ਸਿੱਖ ਸੰਗਤਾਂ ਨੂੰ ਹੋਰ ਸ਼ਹਿਰ, ਕਸਬਿਆਂ ਅਤੇ ਪਿੰਡਾਂ ਦੇ ਗੁਰਦੁਆਰਿਆਂ ਵਿਚ ਵੱਜਣ ਵਾਲੇ ਸਪੀਕਰਾਂ ਦੀ ਆਵਾਜ਼ ਦੀ ਸੀਮਾ ਅਤੇ ਸਮਾਂ ਨਿਰਧਾਰਤ ਕਰਨਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਸਪੀਕਰਾਂ ਤੋਂ ਆਉਣ ਵਾਲੀ ਆਵਾਜ਼ ਸਿਰਫ ਉਨ੍ਹਾਂ ਦੇ ਗੁਰਦੁਆਰੇ ਦੀ ਚਾਰ ਦੀਵਾਰੀ ਤੱਕ ਹੀ ਸੀਮਤ ਰਹੇ। ਖਾਸ ਸਮਾਗਮ ਜਾਂ ਖਾਸ ਦਿਨ ਦਿਹਾੜੇ ਅਤੇ ਗੁਰਪੁਰਬ ਵਾਲੇ ਦਿਨ ਤਾਂ ਉੱਚੀ ਆਵਾਜ਼ ਦੀ ਵਰਤੋਂ ਕੀਤੀ ਜਾਂ ਸਕਦੀ ਹੈ, ਪਰ ਇਸਦੀ ਰੋਜ਼ਾਨਾ ਵਰਤੋਂ ਠੀਕ ਨਹੀਂ। ਪਿੰਡਾਂ ਵਿਚ 3-4 ਗੁਰਦੁਆਰੇ ਹੁੰਦੇ ਹਨ ਜਦ ਇਨ੍ਹਾਂ ਦੀ ਆਵਾਜ਼ ਪਰਸਪਰ ਟਕਰਾਉਂਦੀ ਹੈ ਤਾਂ ਉਸ ਦਾ ਕਿਸੇ ਨੂੰ ਵੀ ਕੋਈ ਫਾਇਦਾ ਨਹੀਂ ਪੁੱਜਦਾ। ਉਂਝ ਵੀ ਸਮਾਜਿਕ ਵਰਤਾਰੇ ਲਈ ਵੀ ਇਹ ਰੁਝਾਨ ਠੀਕ ਨਹੀਂ। ਕਈ ਵਾਰ ਸ਼ੋਰ ਰੂਪੀ ਪ੍ਰਦੂਸ਼ਨ ਨਾਲ ਬੱਚਿਆਂ ਦੀ ਪੜ੍ਹਾਈ ਵਿਚ ਵਿਘਨ ਪੈਂਦਾ ਹੈ। ਇਹ ਕਿਸੇ ਬੀਮਾਰ ਲਈ ਵੀ ਨਾ-ਗਵਾਰਾ ਹੋ ਗੁਜ਼ਰਦਾ ਹੈ। ਇਸ ਲਈ ਇਹ ਕੋਈ ਸਾਰਥਕ ਗੱਲ ਨਹੀਂ। ਆਵਾਜ਼ ਸਿਰਫ ਉਨੀ ਹੀ ਚਾਹੀਦੀ ਹੈ ਜੋ ਗੁਰਦੁਆਰੇ ਦੀ ਚਾਰਦੀਵਾਰੀ ਦੇ ਅੰਦਰ ਰਹੇ। ਵਿਦੇਸ਼ਾਂ ਵਿਚ ਤਾਂ ਇਸ ਤੇ ਸਖਤੀ ਨਾਲ ਅਮਲ ਕੀਤਾ ਜਾਂਦਾ ਹੈ। ਉਥੇ ਸਖ਼ਤ ਹਦਾਇਤ ਹੈ ਕਿ ਗੁਰਦੁਆਰੇ, ਮੰਦਰ ਜਾਂ ਹੋਰ ਧਾਰਮਿਕ ਅਸਥਾਨਾਂ ਵਿਚ ਵੱਜਦੇ ਲਾਊਡ ਸਪੀਕਰਾਂ ਦੀ ਆਵਾਜ਼ ਇੰਨੀ ਮੱਧਮ ਹੋਵੇ ਕਿ ਉਹ ਕੰਪਲੈਕਸ ਦੀ ਚਾਰ ਦੀਵਾਰੀ ਤੋਂ ਬਾਹਰ ਨਾ ਜਾਏ ਜਿਸ ਨਾਲ ਕਿਸੇ ਦੇ ਕੰਮ ਵਿਚ ਕੋਈ ਵਿਘਨ ਨਾ ਪਏ। ਕੀਰਤਨ ਸੁਨਣ ਲਈ ਅਤੇ ਮੱਥਾ ਟੇਕਣ ਲਈ ਸੰਗਤਾਂ ਨੂੰ ਖੁਦ ਗੁਰਦੁਆਰੇ ਜਾਣਾ ਚਾਹੀਦਾ ਹੈ। ਇੰਝ ਰਲ ਮਿਲ ਕੇ ਸੰਗਤ ਦੇ ਰੂਪ ਵਿਚ ਗੁਰੂ ਸ਼ਬਦ ਨੂੰ ਸਰਵਣ ਕਰਨ ਨਾਲ ਪ੍ਰੇਮ ਪਿਆਰ ਦੀ ਭਾਵਨਾ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਵਿਚ ਵੀ ਵਾਧਾ ਹੁੰਦਾ ਹੈ। ਗੁਰਦੁਆਰਾ ਪ੍ਰਬੰਧਕਾਂ ਦੀ ਇਹ ਦਲੀਲ ਵਜ਼ਨਦਾਰ ਨਹੀਂ ਹੈ ਕਿ ਉਹ ਸੰਗਤਾਂ ਤੇ ਘਰ ਤੱਕ ਆਵਾਜ਼ ਪਹੁੰਚਾਉਣ ਲਈ ਹੀ ਉੱਚੀ ਆਵਾਜ਼ ਵਿਚ ਸਪੀਕਰ ਲਗਾਉਂਦੇ ਹਨ।

ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪਹਿਲਾਂ ਹੀ 24 ਅਕਤੂਬਰ 2000 ਦੀ ਇਕ ਇਕੱਤਰਤਾ ਵਿਚ ਮਤਾ ਨੰਬਰ 4 ਪਾਸ ਕੀਤਾ ਜਾ ਚੁੱਕਾ ਹੈ ਜਿਸ ਰਾਹੀਂ ਗੁਰਦੁਆਰਾ ਸਾਹਿਬਾਨ ਵਿਚ ਲਾਊਡ ਸਪੀਕਰਾਂ ਦੀ ਆਵਾਜ਼ ਸੀਮਾ ਅਤੇ ਸਮਾਂ ਨਿਰਧਾਰਤ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਹੈ ਤਾਂ ਜੋ ਇਸ ਨਾਲ ਆਮ ਲੋਕ ਪ੍ਰਭਾਵਿਤ ਨਾ ਹੋਣ।

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਰੋਜ਼ਾਨਾ ਅਜੀਤ, ਜਲੰਧਰ

## ਬੁਰੇ ਦਾ ਭਲਾ ਕਰ

ਫਰੀਦ ਜੀ ਦਾ ਇਕ ਸਲੋਕ ਹੈ ਜਿਸ ਵਿਚ ਉਹ ਕਹਿੰਦੇ ਹਨ ਕਿ ਬੁਰੇ ਦਾ ਭਲਾ ਕਰਨ ਅਤੇ ਗੁੱਸਾ ਨਾ ਕਰਨ ਨਾਲ ਦੇਹੀ ਨੂੰ ਕੋਈ ਰੋਗ ਨਹੀਂ ਲਗਦਾ ਅਤੇ ਹਰ ਚੀਜ਼ ਦੀ ਪ੍ਰਾਪਤੀ ਹੁੰਦੀ ਹੈ। ਪੂਰਾ ਸਲੋਕ ਇਸ ਪ੍ਰਕਾਰ ਹੈ:

*ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨਾ ਹਢਾਇ।*
*ਦੇਹੀ ਰੋਗ ਨ ਲਗਈ ਪਲੈ ਸਭ ਕਿਛ ਪਾਇ।*

ਫਰੀਦ ਜੀ ਦੇ ਇਸ ਸਲੋਕ ਵਿਚ ਦਿੱਤੇ ਵਿਚਾਰ ਦੇ ਪ੍ਰਭਾਵ ਤਾਂ ਵੇਖਦੇ ਸਾਂ ਪਰ ਵਿਗਿਆਨਕ ਰੂਪ ਵਿਚ ਇਸ ਦੀ ਵਿਆਖਿਆ ਨਹੀਂ ਸੀ ਮਿਲਦੀ। ਪਿਛਲੇ ਦਿਨੀਂ ਇਕ ਪੁਸਤਕ ਪੜ੍ਹੀ - Spring of Inspiration. ਲੇਖਕ ਡਾ. ਜੀਤੇਂਦਰ ਆਧੀਆ, ਐਮ.ਡੀ.। ਪੁਸਤਕ ਬਹੁਤ ਵਧੀਆ ਹੈ। ਉਸ ਵਿਚ ਇਕ ਥਾਂ ਸਿਰਲੇਖ ਹੈ - Control over the immune system.

ਲੇਖਕ ਦੱਸਦਾ ਹੈ- ਕੁਝ ਸਾਲ ਪਹਿਲਾਂ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਵਿਚ ਕੁਝ ਵਿਦਿਆਰਥੀਆਂ ਉਪਰ ਤਜਰਬਾ ਕੀਤਾ ਗਿਆ ਜਿਸ ਵਿਚ ਬਿਮਾਰੀ ਦੇ ਜਰਮਾਂ ਦਾ ਮੁਕਾਬਲਾ ਕਰਨ ਵਾਲੇ ਜਰਮਾਂ ਦਾ ਅਧਿਐਨ ਕੀਤਾ ਗਿਆ। ਇਸ ਵਿਚ ਉਨ੍ਹਾਂ ਦੱਸਿਆ ਕਿ ਪਰਉਪਕਾਰੀ ਭਾਵਨਾਵਾਂ ਮਨੁੱਖ ਵਿਚ ਬਿਮਾਰੀ ਨਾਲ ਲੜਨ ਦੀ ਸ਼ਕਤੀ ਵਧਾ ਦਿੰਦੀਆਂ ਹਨ। ਪੂਰਾ ਵੇਰਵਾ ਇੰਨਬਿੰਨ ਅੰਗਰੇਜ਼ੀ ਵਿਚ ਦੇ ਰਹੇ ਹਾਂ।

An interesting experiment was conducted by the scientists in Harvard University (USA), some years ago. The saliva of a group of students was analysed to find out the level of antibodies present in them. Antibodies are the particles present in our saliva which destroy antigens (microbes which produced disease) entering our body through food and air. After recording the level of antibodies present in the saliva of each one of them, for the next half an hour, they were shown a documentary on the works of Mother Teresa. After the documentary, the level of antibodies was checked again to detect any possible changes. Actually, what the scientists wanted to infer from the experiment was whether by viewing a documentary on the life of Mother Teresa could change the

antibody level of those students.

The results of analysis were confusing since the antibody level of some students had increased, that of some other students had decreased while the level of the rest of the students showed no change at all. The research was carried on further. The students were asked to write down their opinion about Mother Teresa and the documentary they had just viewed. The answers were analysed, classifying the students into three categories. The students who had approved of her activities and praised her were included in the positive response category, the students who had criticized her and her works were placed in the negative response category and the third category consisted of those who gave no specific opinion (i.e. neutral response or no response). When the outcome of the antibody level tests and the students response were comparatively analysed, a direct relationship was found. The antibody level the students who had positively responded had increased and of all those had responded negatively had decreased, while those who given no response, had no change in the antibody level in their blood. This experiment proves that a positive mental attitude strengthens the immune system, while negative mental attitude makes you vulnerable to diseases by weakening the immune system. The control over the immune system is with the subconscious mind. If we want to remain healthy, we should think positive.

ਫਰੀਦ ਜੀ ਦੇ ਸਲੋਕ ਦੀ ਸਚਾਈ ਪ੍ਰਤੱਖ ਹੋ ਰਹੀ ਹੈ। ਗੁਰਬਾਣੀ ਪੜ੍ਹਨ ਦੇ ਨਾਲ ਨਾਲ ਸਮਝੀਏ ਅਤੇ ਉਸ ਅਨੁਸਾਰ ਜੀਵਨ ਜੀਉਣ ਦੀ ਕੋਸ਼ਿਸ਼ ਕਰੀਏ ਤਾਂ ਸਾਡਾ ਮਨ ਵੀ ਦਰੁਸਤ ਹੋਏਗਾ ਅਤੇ ਤਨ ਵੀ ਦਰੁਸਤ ਹੋਵੇਗਾ। ਗੁਰਬਾਣੀ ਇਕ ਹੋਰ ਥਾਂ ਉਪਦੇਸ਼ਦੀ ਹੈ:

*ਪਰ ਕਾ ਬੁਰਾ ਨਾ ਰਾਖਹੁ ਚੀਤ।*
*ਤਾਕਉ ਦੁਖ ਨ ਭਾਈ ਮੀਤ।*

ਆਓ ਸਹੀ ਅਰਥਾਂ ਵਿਚ ਸਰਬਤ ਦੇ ਭਲੇ ਲਈ ਅਰਦਾਸ ਕਰੀਏ।

# ਗੁਰਬਾਣੀ ਗਾਵਹੁ ਭਾਈ...॥

ਗੁਰਚਰਨ ਸਿੰਘ ਸੰਘਾ

ਸੱਚਖੰਡ ਪੱਤਰ
ਵਿਚੋਂ ਧੰਨਵਾਦ ਸਹਿਤ

ਸਿੱਖ ਧਰਮ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਗੁਰੂ ਤੇ ਕੀਰਤਨੀਏ ਹੋਏ ਹਨ ਅਤੇ ਆਪ ਦੇ ਅਨਿਨ ਸੇਵਕ ਪਰ ਸਾਥੀ ਭਾਈ ਮਰਦਾਨਾ ਜੀਂ ਪਹਿਲੇ ਰਬਾਬੀ। ਵਿਸਮਾਦ ਦੀ ਘੜੀ ਚ ਗੁਰੂ ਸਾਹਿਬ ਮਰਦਾਨੇ ਨੂੰ ਸੰਬੋਧਨ ਹੁੰਦੇ 'ਮਰਦਾਨਿਆਂ ਧੁਰ ਕੀ ਬਾਣੀ ਆਈ ਉਠ ਰਬਾਬ ਵਜਾ' ਤੇ ਮਰਦਾਨਾ ਝੱਟ ਸਾਵਧਾਨ ਹੋ ਗੁਰੂ ਸਾਹਿਬ ਵਲੋਂ ਗਾਏ ਜਾ ਰਹੇ ਸ਼ਬਦ ਚ ਅਲਾਪ ਦਾ ਸਾਥ ਦਿੰਦਾ। ਕਾਦਰ ਦੀ ਕੁਦਰਤ ਨੂੰ ਰਸਨਾ ਦੁਆਰਾ ਗਾਉਣਾ ਹੀ ਕੀਰਤਨ ਹੈ ਤੇ ਇਹ ਦਾਤ ਸਿੱਖ ਨੂੰ ਜਨਮਜਾਤ ਤੋਂ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧੁਰ ਕੀ ਬਾਣੀ ਨੂੰ ਆਪਣੀ ਰਸਨਾ ਦੁਆਰਾ ਗਾਇਆ ਤੇ ਪਾਇਆ।

ਕੀਰਤਨ ਦੀ ਮਹੱਤਤਾ ਦਾ ਪਤਾ ਤਾਂ ਇਥੋਂ ਹੀ ਲੱਗ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਜਦ ਬਗਦਾਦ ਗਏ ਤਾਂ ਸ਼ਬਦ ਦੀ ਗੂੰਜ ਸੁਣਦੇ ਸਾਰ ਹੀ ਨਗਰੀ ਹੈਰਾਨ ਹੋ ਗਈ। ਸ਼ਹਰ ਦੀ ਜਕੜ ਵਿਚ ਬਖ਼ਸ਼ਿੰਦਿਆਂ ਹਾਜ਼ਰ ਹੋ ਸੁਆਲ ਕੀਤਾ ਤਾਂ ਗੁਰਾਂ ਫੁਰਮਾਇਆ ਕਿ ਰਤਨ ਰੂਪ ਰਾਗ ਵਿਚ ਅਲਾਹ ਤੱਕ ਲੈ ਜਾਣ ਦੀ ਸ਼ਕਤੀ ਵੀ ਹੈ ਤੇ ਹਿਰਦੇ ਅੰਮ੍ਰਿਤ ਦਾ ਚਸ਼ਮਾ ਜਾਰੀ ਕਰਨ ਦੀ ਜੁਗਤ ਵੀ। ਹਜ਼ਰਤ ਸਾਹਿਬ ਨੇ ਸ਼ਹਿਰ ਵਿਚ ਰਾਗ ਕਿਉਂ ਬੰਦ ਕੀਤਾ ਸੀ? ਪੀਰ ਬਹਿਲੋਲ ਨੇ ਗੱਲ ਕਹੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ - 'ਪੀਰ ਜੀ ਤੁਸੀਂ ਭੁਲੇ ਹੋ। ਉਨ੍ਹਾਂ ਮਾੜਾ ਰਾਗ ਬੰਦ ਕੀਤਾ ਸੀ। ਅਲਾਹ ਦੀ ਯਾਦ ਵਾਲਾ ਨਹੀਂ। ਜੇ ਐਸਾ ਨਾ ਹੁੰਦਾ ਤਾਂ ਆਪੂੰ ਹਜ਼ਰਤ ਆਪਣੀ ਨਿੱਕੀ ਬੀਬੀ ਆਇਸ਼ਾ ਨੂੰ ਮੋਢਿਆਂ ਤੇ ਉਠਾ ਅਬਦਾਲਾਂ ਦਾ ਸੰਗੀਤ ਸੁਣਾਉਣ ਲਈ ਨ ਲੈ ਜਾਂਦੇ। ਰਾਗ ਜੋੜਨ ਦਾ ਵਸੀਲਾ ਹੈ। ਸਾਡਾ ਰਾਗ ਲਿਵ ਦਾ ਹੈ। ਜੁੜ ਜਾਵੇ ਤਾਂ ਉਸ ਦੀ ਜ਼ਾਤ ਮੁੱਕ ਜਾਂਦੀ ਹੈ। ਵਾਹਿਗੁਰੂ ਅਜਿਹੇ ਬੰਦਿਆਂ ਨੂੰ ਦੁਨੀਆਂ ਦੀਆਂ ਸਭ ਨਿਆਮਤਾਂ, ਖਜ਼ਾਨੇ, ਇਲਮ ਤੇ ਮਿਹਰ ਮੁਹੱਬਤ ਦੇ ਨਾਲ ਸਭ ਤੋਂ ਵੱਡੀ ਦਾਤ ਬੇ-ਪ੍ਰਵਾਹੀ ਬਖਸ਼ਦਾ ਹੈ।

*ਰਾਗ ਰਤਨ ਪਰੀਆ ਪਰਵਾਰ॥*
*ਤਿਸੁ ਵਿਚਿ ਉਪਜੈ ਅੰਮ੍ਰਿਤ ਸਾਰ॥*
*ਨਾਨਕ ਕਰਤੇ ਕਾ ਇਹੁ ਧਨੁ ਮਾਲ॥*
*ਜੇ ਕੋ ਬੂਝੈ ਏਹੁ ਵੀਚਾਰ॥*

ਭਾਈ ਮਰਦਾਨੇ ਦੇ ਵੰਸ਼ਜਾਂ ਜੋ ਰਬਾਬੀ ਮੰਨੇ ਜਾਂਦੇ ਹਨ ਨੇ ਇਸ ਗੁਰਬਾਣੀ ਗਾਇਨ ਸ਼ੈਲੀ ਨੂੰ ਤੰਤੀ ਸਾਜ਼ਾਂ ਤੇ ਗਾਇਨ ਕੀਤਾ ਅਤੇ ਉਨ੍ਹਾਂ ਕੋਲ ਨਿਰਧਾਰਤ ਗਾਇਨ ਸ਼ੈਲੀ ਵਿਚ ਵੀ ਬੰਦਸ਼ਾਂ ਦਾ ਨਿਵੇਕਲਾ ਭੰਡਾਰ ਹੈ। ਸੰਗੀਤ ਚਾਰੀਆ ਮੰਨਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਾਏ ਜਾਂਦੇ ਰਾਗ ਤੁਖਾਰੀ, ਸੋਰਠਿ, ਆਸਾ, ਸੂਹੀ, ਗਉੜੀ ਤੇ ਉਸ ਦੇ ਪ੍ਰਕਾਰ ਗੌਂਡ ਆਦਿ ਭਾਰਤੀ ਦਰਸ਼ਨ ਵਿਚ ਉਪਲਬਧ ਨਹੀਂ ਹਨ। ਏਥੇ ਹੀ ਬਸ ਨਹੀਂ ਗੁਰੂ ਸਾਹਿਬਾਨ ਨੇ ਗਾਇਨ ਸ਼ੈਲੀਆਂ ਜਿਵੇਂ- ਪੜਤਾਲ, ਅਲਾਹੁਣੀਆਂ, ਵਾਰ, ਸੋਹਲੇ, ਛੰਤ ਆਦਿ ਦੀ ਕਾਢ ਕੱਢ ਕੇ ਗੁਰਮਤਿ ਸੰਗੀਤ ਨੂੰ ਭਾਰਤੀ ਦਰਸ਼ਨ ਵਿਚ ਇਕ ਨਿਵੇਕਲੀ ਥਾਂ ਤੇ ਖਲਾਰ ਦਿੱਤਾ।

ਕੀਰਤਨ ਪ੍ਰਾਣੀ ਮਾਤਰ ਨੂੰ ਬਖਸ਼ਿਆ ਇਕ ਅਜ਼ੀਮ ਤੋਹਫਾ ਹੈ। ਨਿਰਧਾਰਤ ਰਾਗਾਂ ਵਿਚ ਗਾਈ ਜਾਂਦੀ ਬਾਣੀ ਮਾਨਸਿਕ ਸੰਤੁਸ਼ਟੀ, ਸਰੀਰਕ ਸ਼ਾਂਤੀ ਅਤੇ ਸਦੀਵੀ ਅਨੰਦ ਪਰਦਾਨ ਕਰਦੀ ਹੈ। ਜਨਮ ਜਨਮਾਂਤਰਾਂ ਦੇ ਵਿਕਾਰੀ ਭਾਵਨਾਵਾਂ ਨਾਲ ਓਤ ਪੋਤ ਮੈਲੇ ਮਨ ਦੀ ਮੈਲ ਉਤਰ ਜਾਂਦੀ ਹੈ, ਪ੍ਰਾਣੀ ਦੈਵੀ ਗੁਣਾਂ ਨਾਲ ਭਰਪੂਰ ਹੋ ਆਪ ਸੁਰ ਨਾਲ ਸੁਰ ਮਿਲਾ ਇਲਾਹੀ ਵਿਸਮਾਦੀ ਅਵਸਥਾ ਵਿਚ ਗੁਆਚ ਗਿਆ ਮਹਿਸੂਸ ਕਰਦਾ ਹੈ। ਇਲਾਹੀ ਸੱਚ ਦੀ ਪਹਿਲ ਕਦਮੀ ਕਰਦੇ ਮਨੁੱਖ ਮਾਤਰ ਦੇ ਪੈਰ ਥਾਏ ਪ੍ਰਭੂ ਦੀ ਜੋਤਿ ਅਤੇ ਜੁਗਤ ਨਾਲ ਹੇਲ-ਮੇਲ ਸਦੀਵੀ ਸੱਚ ਦੀ ਗਵਾਹੀ ਭਰਨ ਲੱਗਦੇ ਹਨ। ਕਿਸੇ ਸੱਚ ਹੀ ਕਿਹਾ ਹੈ ਸਾਕਤ ਇੰਦਰਾਵੀ ਸੁਖ ਦੀ ਚਾਹਨਾ ਕਰਦਾ ਹੋਇਆ ਆਪਣੀ ਘਾਲਣਾ ਅਜਾਈਂ ਗਵਾ ਲੈਂਦਾ ਹੈ। ਗੁਰਬਾਣੀ ਇਸ ਪ੍ਰਤੀ ਅਗਾਹ ਕਰਦੀ ਹੈ 'ਸਾਕਤ ਗੀਤ *ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥*

ਮਾਇਆਵੀ ਇੰਦਰਾਵੀ ਜਾਲ ਨੂੰ ਤਿਆਗ ਕੇ ਸਦੀਵੀ ਚਾਉ ਪ੍ਰਤੀ ਅਗਾਹ ਕੀਤਾ ਗਿਆ ਹੈ। ਸੰਕੇਤ ਹੈ:

*ਰਾਮ ਰਮਾ ਰਾਮਾ ਗੁਨ ਗਾਉ॥*

*ਛੋਡਿ ਮਾਇਆ ਕੇ ਧੰਧ ਸੁਆਉ ॥'*

ਬੜੇ ਅਫਸੋਸ ਦੀ ਗੱਲ ਹੈ ਅੱਜ ਅਸਾਂ ਕੀਰਤਨ ਪ੍ਰੰਪਰਾ ਨੂੰ ਨਿਰਧਾਰਤ ਰਾਗਾਂ ਵਿੱਚ ਨਾ ਗਾਕੇ, ਤੰਤੀ ਸਾਜ਼ਾਂ ਦੀ ਵਰਤੋਂ ਤਿਆਗ ਕੇ ਵਪਾਰੀਕਰਨ ਤੇ ਸਸਤੇ ਸ਼ੋਹਰਤੀ ਰੰਗ ਤਮਾਸ਼ਿਆਂ ਵਿਚ ਤਬਦੀਲ ਕਰਕੇ ਇਸ ਦਾ ਅਸਲੀ ਚੇਹਰਾ ਮੋਹਰਾ ਹੀ ਵਗਾੜ ਦਿੱਤਾ ਹੋਇਆ ਹੈ। ਓਸ਼ੋ ਰਜਨੀਸ਼ ਲਿਖਦਾ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਨੂੰ ਗਾ ਕੇ ਪਾ ਲਿਆ। ਕਿੰਨਾ ਚੰਗਾ ਹੁੰਦਾ ਜੇਕਰ ਰਜਨੀਸ਼ ਇਸ ਤੋਂ ਅਗਾਂਹ ਜਾ ਕੇ ਇਹ ਲਿਖਦਾ ਪਈ ਸਿੱਖ ਅੱਜ ਵੀ ਆਪਣੀਆਂ ਟੁਟੀਆਂ ਹੋਈਆਂ ਸੁਰਤਾਂ ਕੀਰਤਨ ਦੁਆਰਾ ਇਕ ਸੁਰ ਹੋ ਪਰਮ ਅਨੰਦ ਨਾਲ ਜੋੜਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਪਾਤਿਸ਼ਾਹ ਅਜੋਕੇ ਜਗਤ ਜਲੰਦੇ ਨੂੰ ਉਪਦੇਸ਼ ਕਰਦੇ ਹਨ:

*ਕਲਜੁਗ ਮਹਿ ਕੀਰਤਨੁ ਪਰਧਾਨਾ*
*ਗੁਰਮੁਖਿ ਜਪੀਐ ਲਾਇ ਧਿਆਨਾ ॥*

ਕਿਆ ਕਮਾਲ ਹੈ ਨਾਨਕ ਪਾਤਿਸ਼ਾਹ ਜੀ ੧੯ ਰਾਗਾਂ ਵਿੱਚ ਬਾਣੀ ਗਾਇਨ ਕਰਦੇ ਰਹੇ, ਸ੍ਰੀ ਗੁਰੂ ਅੰਗਦ ਦੇਵ ਜੀ ੧੦ ਰਾਗਾਂ, ਸ੍ਰੀ ਗੁਰੂ ਅਮਰਦਾਸ ਜੀ ੧੭ ਰਾਗਾਂ ਵਿੱਚ, ਸ੍ਰੀ ਗੁਰੂ ਰਾਮਦਾਸ ਜੀ ੨੯ ਰਾਗਾਂ ਵਿਚ ਤੇ ਸ੍ਰੀ ਗੁਰੂ ਅਰਜਨ ਦੇਵ ਜੀ ੩੦ ਰਾਗਾਂ ਦਾ ਮਹਾਨ ਯੋਗਦਾਨ ਪਾ ਰਹੇ ਹਨ। ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ੧੫ ਰਾਗਾਂ ਵਿਚ ਬਾਣੀ ਗਾਇਨ ਕਰਦੇ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੧ ਰਾਗਾਂ ਵਿਚ ਮੁਕੰਮਲ ਇਕ ਅਜ਼ੀਮ ਤੋਹਫਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ ਵੀ ਕੀਰਤਨ ਪਰੰਪਰਾ ਬਹੁਤ ਵੱਧੀ ਫੁੱਲੀ ਗੁਰੂ ਸਾਹਿਬ ਆਪ ਬਹੁਤ ਵਧੀਆ ਕੀਰਤਨੀਏ ਹੋਏ ਹਨ। ਆਪ ਜੀ ਨੇ ਆਪਣੇ ਆਪਣੇ ਦਰਬਾਰ ਵਿਚ ੫੨ ਕਵੀ ਰੱਖ ਕੇ ਉਹਨਾਂ ਤੋਂ ਇਤਿਹਾਸਕ ਗ੍ਰੰਥਾਂ ਦੇ ਉਲਥੇ ਕਰਵਾਏ ਅਤੇ ਆਪ ਵੀ ਅਥਾਹ ਬਾਣੀ ਰਚੀ। ਵਿਦਿਆ ਸਾਗਰ ਗ੍ਰੰਥ ਜਿਸ ਦਾ ਭਾਰ ੭ ਮਣ ਦਸਦੇ ਹਨ ਸਰਸਾ ਨਦੀ ਵਿਚ ਸਦਾ ਲਈ ਲੋਪ ਹੋ ਗਿਆ। ਸਾਡੇ ਕੋਲ ਆਪ ਜੀ ਦੇ ਗ੍ਰੰਥ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ ਸਰਬਲੋਹ ਗ੍ਰੰਥ ਮੌਜੂਦ ਹਨ। ਗੁਰੂ ਘਰ ਦੇ ਮਹਾਨ ਕੀਰਤਨੀਏ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਰਾਗੀ ਭਾਈ ਬਲਬੀਰ ਸਿੰਘ ਜੀ ਮੁਤਾਬਿਕ ਦਸਮ ਪਿਤਾ ਜੀ ਨੇ ਭਾਰਤੀ ਦਰਸ਼ਨ ਵਿਚੋਂ ੧੪੦ ਰਾਗਾਂ ਵਿਚ ਆਪਣੀਆਂ ਕਿਰਤਾਂ ਨੂੰ ਸ਼ਿੰਗਾਰਿਆ। ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਜਿਹੇ ਕੀਮਤੀ ਗੁਰੂ ਜੋਤਿ ਦੇ ਬਖ਼ਸ਼ੇ ਖਜ਼ਾਨੇ ਉਪਰ ਬਹੁਤ ਘੱਟ ਕੰਮ ਹੋ ਰਿਹਾ ਹੈ।

# ਭਾਈ ਅਮਰੀਕ ਸਿੰਘ ਜ਼ਖਮੀ

ਡਾ. ਜਤਿੰਦਰ ਸਿੰਘ ਜੌਲੀ
421, ਈਸਟ ਮੋਹਨ ਨਗਰ
ਅੰਮ੍ਰਿਤਸਰ 143 006

ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਲਗਦੀਆਂ ਕੀਰਤਨ ਦੀਆਂ ਚੌਕੀਆਂ ਦੀ ਆਪਣੀ ਮਾਣ-ਮਰਯਾਦਾ ਅਤੇ ਇਲਾਹੀ ਰਸ ਹੈ ਪਰ ਇਨ੍ਹਾਂ ਵਿਚੋਂ ਆਸਾ ਦੀ ਵਾਰ ਦਾ ਅਗੰਮੀ ਰਸ ਮਾਨਣ ਨਾਲ ਹੀ ਸੰਬੰਧਿਤ ਹੈ। ਇਸ ਚੌਕੀ ਨਾਲ ਪ੍ਰਤੱਖ/ਅਪ੍ਰਤੱਖ ਰੂਪ ਨਾਲ ਜੁੜੇ ਦੇਸ਼-ਵਿਦੇਸ਼ ਦੇ ਅਣਗਿਣਤ ਪ੍ਰੇਮੀ, ਅੰਮ੍ਰਿਤ ਵੇਲੇ ਆਕਾਸ਼ਬਾਣੀ ਰਾਹੀਂ ਦਿਲ ਦੀਆਂ ਤਾਰਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਕੀਰਤਨ ਨਾਲ ਜੋੜ ਲੈਂਦੇ ਹਨ। ਨਿਤਨੇਮ ਵਜੋਂ ਕੀਰਤਨ ਸਰਵਣ ਕਰਨ ਵਾਲੇ ਸਰੋਤੇ ਤਾਂ ਪਹਿਲੀ ਆਵਾਜ਼ ਤੇ ਹੀ ਪਛਾਣ ਲੈਂਦੇ ਹਨ ਕਿ ਕਿਹੜਾ ਜਥਾ ਗਾਇਨ ਕਰ ਰਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀਆਂ ਤੋਂ ਇਲਾਵਾ ਬਾਹਰੋਂ ਉਚੇਚੇ ਤੌਰ 'ਤੇ ਆਉਣ ਵਾਲੇ ਰਾਗੀਆਂ ਦੀ ਪਹਿਲ ਇਸੇ ਚੌਕੀ ਦੀ ਸੇਵਾ ਨਿਭਾਉਣ ਦੀ ਹੁੰਦੀ ਹੈ। ਸਚਖੰਡ ਅੰਦਰ ਇਹ ਐਸੇ ਨੂਰਾਨੀ ਪਲ ਹੁੰਦੇ ਹਨ ਜਿਵੇਂ ਸ੍ਰੀ ਗੁਰੂ ਰਾਮਦਾਸ ਜੀ ਪ੍ਰਤੱਖ ਰੂਪ ਵਿਚ ਕੀਰਤਨ ਸਰਵਣ ਕਰ ਰਹੇ ਹੋਣ ਅਤੇ ਸਮੁੱਚੀ ਸੰਗਤ ਉਨ੍ਹਾਂ ਦੇ ਚਾਨਣਮਈ ਹਾਲੇ ਦੀ ਜੱਦ ਵਿਚ ਜੋਤਿ ਸਰੂਪ, ਮਨ ਦੀ ਇਕਾਗਰਤਾ ਮਾਣ ਰਹੀ ਹੋਵੇ। ਜਿਸ ਦਿਨ ਭਾਈ ਸਾਹਿਬ ਭਾਈ ਅਮਰੀਕ ਸਿੰਘ ਜ਼ਖਮੀ ਹੁਰਾਂ ਦਾ ਜਥਾ 'ਆਸਾ ਦੀ ਵਾਰ' ਦੀ ਚੌਕੀ ਭਰ ਰਿਹਾ ਹੋਵੇ, ਇਨ੍ਹਾਂ ਦੀ ਚੌਕੜੀ, ਗੁਰਮੁਖ ਪਿਆਰਿਆਂ ਦੀ ਚੌਕੜੀ ਨੂੰ ਸਮਾਧੀ ਰੂਪ ਕਰ ਦਿੰਦੀ ਹੈ।

ਭਾਈ ਅਮਰੀਕ ਸਿੰਘ ਜ਼ਖਮੀ ਪੁਸ਼ਤੈਨੀ ਕੀਰਤਨੀਏ ਹਨ। ਮਾਣਕੋ ਡਿਜਕੋਟ, ਲਾਇਲਪੁਰ (ਪਾਕਿਸਤਾਨ) ਦੇ ਨਿਵਾਸੀ ਭਾਈ ਫ਼ਤਹਿ ਸਿੰਘ ਤੋਂ ਆਰੰਭ ਹੋਏ ਇਸ ਜ਼ਖਮੀ ਘਰਾਣੇ ਨੇ ਬੜੀ ਲਗਨ ਨਾਲ ਕੀਰਤਨ ਦੀ ਦਾਤ ਨੂੰ ਆਪਣੀ ਝੋਲ ਪੁਆ ਕੇ ਪੁਸ਼ਤ-ਦਰ-ਪੁਸ਼ਤ ਸੰਭਾਲਿਆ ਹੈ। ਭਾਈ ਸਰਦਾਰਾ ਸਿੰਘ, ਭਾਈ ਦੌਲਤ ਸਿੰਘ ਤੇ ਭਾਈ ਉਮਰਾਓ ਸਿੰਘ ਦੀ ਕੀਰਤਨ ਨਾਲ ਜੁੜਨ ਉਪਰੰਤ, ਘਰ ਵਿਚ ਤੰਤੀ ਸਾਜ਼ 'ਤਾਊਸ' ਦੀ ਆਮਦ ਹੋਈ। 'ਤਾਊਸ' ਦੇ ਸ਼ਬਦੀ ਮਾਅਨੇ 'ਮੋਰ' ਹੋਣ ਕਾਰਨ ਵੱਡੇ ਭਾਈ ਸਰਦਾਰਾ ਸਿੰਘ ਜੀ ਦੀ ਅੱਲ 'ਮੋਰਨੀ ਵਾਲਾ ਬਾਬਾ!' ਹੀ ਪੈ ਗਈ।

ਇਨ੍ਹਾਂ ਤਿੰਨਾਂ ਭਰਾਵਾਂ ਨੇ ਸੰਤ ਬਾਬਾ ਹਰੀ ਸਿੰਘ, ਕਹਾਰਪੁਰ ਵਾਲਿਆਂ ਨਾਲ ਰਲ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਦੀ ਬਣਤ ਵੇਲੇ ਬੇਹੱਦ ਸੇਵਾ ਕੀਤੀ। ਸੰਤ ਹਰੀ ਸਿੰਘ ਹੁਰਾਂ ਪ੍ਰਸੰਨ ਹੋ ਕੇ ਚਾਂਦੀ ਦੇ ਸਿੱਕੇ, ਕੀਮਤੀ ਬਸਤਰ ਅਤੇ ਇਕ ਅਤਿ ਸੁੰਦਰ ਘੋੜਾ ਸਨਮਾਨ ਵਜੋਂ ਪ੍ਰਦਾਨ ਕੀਤਾ।

ਭਾਈ ਸਾਹਿਬ ਭਾਈ ਧਰਮ ਸਿੰਘ ਜ਼ਖਮੀ, ਭਾਈ ਸ਼ਮਸ਼ੇਰ ਸਿੰਘ, ਭਾਈ ਗੁਰਚਰਨ ਸਿੰਘ ਅਤੇ ਭਾਈ ਸਾਧੂ ਸਿੰਘ ਲੰਮੇ ਅਰਸੇ ਤੱਕ ਇਕ ਚੌਕੜੀ ਵਜੋਂ ਕੀਰਤਨ ਕਰ ਰਹੇ।

1956 ਵਿਚ ਸੰਤ ਬਾਬਾ ਮੋਹਨ ਸਿੰਘ ਕਾਨਪੁਰ ਵਾਲਿਆਂ ਦੀ ਪ੍ਰੇਰਨਾ ਸਦਕਾ ਇਹ ਬੈਂਕਾਕ ਚਲੇ ਗਏ। ਜਿਥੋਂ ਦੇਸ਼ ਪ੍ਰਦੇਸ਼ ਆਪ ਦਾ ਖ਼ੂਬ ਡੰਕਾ ਵਜਿਆ।

ਪੱਕੇ ਨਿਤਨੇਮੀ ਅਤੇ ਗੁਰਮਤਿ ਚਾਓ ਵਿਚ ਸਦਾ ਖੀਵੇ ਥੀਣ ਵਾਲੇ ਭਾਈ ਧਰਮ ਸਿੰਘ ਜ਼ਖਮੀ ਦੇ ਵਿਰਸੇ ਨੂੰ ਅਗਾਂਹ ਤੋਰਨ ਵਾਲੇ ਭਾਈ ਅਮਰੀਕ ਸਿੰਘ ਜ਼ਖਮੀ ਦਾ ਜਥਾ ਪੰਥ ਦੇ ਸਿਰਮੌਰ ਜਥਿਆਂ ਵਿਚ ਸ਼ੁਮਾਰ ਹੁੰਦਾ ਹੈ। ਅੰਤਾਂ ਦੇ ਮਿਲਾਪੜੇ, ਹਸਮੁੱਖ ਨਰੋਏ ਸਰੀਰਾਂ ਤੇ ਨਰੋਈਆਂ ਸੋਚਾਂ ਦੇ ਮਾਲਕ, ਇਸ ਜਥੇ ਦੇ ਚਾਰੇ ਜੀਊੜੇ ਸਦਾ ਆਪਣੀਆਂ ਸਫੈਦ ਚੁਸਤ ਦਸਤਾਰਾਂ ਵਾਂਗ ਬੇਦਾਗ ਅਤੇ ਕਰੀਨੇ ਨਾਲ ਪਰਤ-ਦਰ-ਪਰਤ ਸਜੇ ਦਿਖਾਈ ਦਿੰਦੇ ਹਨ। ਉਨ੍ਹਾਂ ਦੀ ਆਪਸੀ ਸੂਝ-ਬੂਝ ਬਾਕਮਾਲ ਤੇ ਕਾਬਿਲੇ-ਤਾਰੀਫ ਹੈ। ਉਮਰ-ਭੇਦ ਕਦੇ ਉਨ੍ਹਾਂ ਦੇ ਵਿਚਾਰਾਂ ਦੀ ਭਿੰਨਤਾ ਦਾ ਕਾਰਨ ਨਹੀਂ ਬਣਿਆ। ਉਮਰਾਂ ਦਾ ਫਰਕ ਉਨ੍ਹਾਂ ਦੇ ਪ੍ਰਕਾਸ਼ਮਾਨ ਦਾੜ੍ਹਿਆਂ ਵਿਚਲੀ ਖਿਚੜੀ ਵਿਚੋਂ ਭਾਵੇਂ ਭਾਂਪ ਲਿਆ ਜਾਵੇ ਪਰ ਉਨਾਂ ਦੇ ਹਾਸਿਆਂ ਭਰੇ ਬੋਲਾਂ ਨੇ ਕਦੇ ਰਿਸ਼ਤਿਆਂ ਦੀ ਦਕੀਆਨੂਸੀ ਮੁਥਾਜੀ ਸਵੀਕਾਰ ਨਹੀਂ ਕੀਤੀ।

ਆਦਮਪੁਰ ਦੁਆਬਾ ਦੇ ਜੰਮਪਲ ਭਾਈ ਅਮਰੀਕ ਸਿੰਘ ਜ਼ਖਮੀ (12.2.1940) ਦਾ ਹੋਣਹਾਰ ਫਰਜ਼ੰਦ ਹਰਜੋਤ ਸਿੰਘ (30.10.1964) ਹਰਮੋਨੀਅਮ 'ਤੇ ਬੈਠਾ ਬਾਪ ਤੋਂ ਦੋ ਪੁਲਾਂਘਾ ਅਗਾਂਹ ਪੁੱਟਦਾ ਪ੍ਰਤੀਤ ਹੁੰਦਾ ਹੈ। ਇਹ ਉਸ

ਉਪਰ ਰੱਬੀ ਰਹਿਮਤ ਹੈ। ਦਿਲਰੁਬਾ ਉਪਰ ਭਾਈ ਸਾਹਿਬ ਦੇ ਛੋਟੇ ਭਾਈ ਬ੍ਰਤਪਾਲ ਸਿੰਘ (20.4.1953) ਅਤੇ ਤਬਲੇ ਉਪਰ ਚਚੇਰੇ ਭਰਾ ਅੰਮ੍ਰਿਤ ਪਾਲ ਸਿੰਘ (9.1.1960) ਸਾਥ ਦਿੰਦੇ ਹੋਏ, ਇਕ ਦੂਜੇ ਦੀ ਪੂਰਨਤਾ ਦਾ ਸਬੱਬ ਬਣਦੇ ਹਨ।

ਭਾਈ ਅਮਰੀਕ ਸਿੰਘ ਜ਼ਖਮੀ ਪੁਰਾਤਨਤਾ ਤੇ ਨਵੀਨਤਾ ਦਾ ਸੁਮੇਲ ਹਨ। ਉਹ ਧੁਮਾਰ, ਆੜਾ ਚੌਤਾਲਾ ਵਰਗੀਆਂ ਔਖੀਆਂ ਤਾਲਾਂ ਨੂੰ ਵੀ ਸਰਲਤਾ ਨਾਲ ਗਾ ਜਾਂਦੇ ਹਨ। ਕੀਰਤਨ ਆਰੰਭ ਕਰਨ ਤੋਂ ਪਹਿਲਾਂ ਡੰਡਉਤ ਸਮੇਂ ਚਾਰ ਤਾਲ ਦਾ ਠੇਕਾ ਲੁਆ ਕੇ ਆਮ ਸੰਗਤਾਂ ਨੂੰ ਵੀ ਜਿਵੇਂ 'ਗੁਰ' ਦੇ ਜਾਂਦੇ ਹਨ। ਫਿਰ ਡੰਡਉਤ ਵਿਚ ਹੀ 3-6 ਅਤੇ 9 ਮੁਕਾ ਜਾਣਾ ਉਨ੍ਹਾਂ ਦੀ ਕਲਾਤਮਕ ਕੀਰਤਨ ਸ਼ੈਲੀ ਦਾ ਪ੍ਰਮਾਣ ਹੈ। ਵੱਡੀਆਂ ਤਾਲਾਂ ਅੰਦਰ ਲੈਅ ਦੀ ਵੰਡ ਬੜੀ ਸੁਘੜ ਸੁਜਾਨਤਾ ਨਾਲ ਕਰਦੇ, ਆਪ ਮਾਨਤਾ ਸਥਾਪਤ ਕਰ ਜਾਂਦੇ ਹਨ। ਦਿਲਰੁਬਾ 'ਚੋਂ ਨਿਕਲਦੀਆਂ ਤਾਰ-ਸਪਤਕ ਸੁਰਾਂ ਸਰੋਤਿਆਂ ਦੇ ਧੁਰ ਡੂੰਘ ਵਿਚ ਲਹਿ ਜਾਂਦੀਆਂ ਹਨ।

ਅਨੇਕਾਂ ਦੇਸ਼ੀ-ਵਿਦੇਸ਼ੀ ਦੌਰਿਆਂ ਅਤੇ ਵੱਡੇ-ਵੱਡੇ ਸੰਮੇਲਨਾਂ ਦੌਰਾਨ ਗਾ ਕੇ ਪ੍ਰਸਿੱਧੀ ਦੀਆਂ ਸਿਖ਼ਰਾਂ ਛੂਹ ਚੁੱਕੇ ਭਾਈ ਜ਼ਖਮੀ ਜੀ ਨੇ ਅਨੇਕਾਂ ਇਨਾਮ ਸਨਮਾਨ ਵੀ ਪ੍ਰਾਪਤ ਕੀਤੇ ਹਨ। ਉਨ੍ਹਾਂ ਦੀ ਰੀਝ ਹੈ ਕਿ ਉਨ੍ਹਾਂ ਦੀ ਪਰੰਪਰਾ ਸੰਭਾਲਣ ਲਈ ਉਨ੍ਹਾਂ ਦਾ ਪੋਤਾ ਵੀ ਇਸੇ ਗੁਰਮਤਿ ਗਾਡੀ ਰਾਹ ਦਾ ਪਾਂਧੀ ਬਣੇ।

1995 ਵਿਚ 'ਵਿਸ਼ਵ ਸਿੱਖ ਸੰਮੇਲਨ' ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਨਮਾਨਤ ਹੋਏ ਭਾਈ ਸਾਹਿਬ ਨੂੰ ਅਦਾਰਾ ਵਿਸਮਾਦੁ ਨਾਦ, ਜਵੱਦੀ ਟਕਸਾਲ, ਲੁਧਿਆਣਾ ਵਲੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-92 ਦੌਰਾਨ 25,000/- ਰੁਪਏ ਦੁਸ਼ਾਲਾ, ਸਿਰਪਾਓ, ਯਾਦਗਾਰੀ ਚਿੰਨ੍ਹ ਦੇ ਕੇ 'ਗੁਰਮਤਿ ਸੰਗੀਤ ਐਵਾਰਡ' ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ।

ਹੁਣ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਨੂੰ ਇਸ ਵਰ੍ਹੇ ਦੇ 'ਸ਼੍ਰੋਮਣੀ ਰਾਗੀ' ਵਜੋਂ ਪੁਰਸਕਾਰ ਦਿੱਤਾ ਗਿਆ ਹੈ। ਜਿਥੇ ਇਨ੍ਹਾਂ ਸਤਰਾਂ ਦੇ ਲੇਖਕ ਅਤੇ ਸਮੁੱਚੇ ਪੰਥ ਵਲੋਂ ਉਨ੍ਹਾਂ ਨੂੰ ਮੁਬਾਰਕਬਾਦ ਪੇਸ਼ ਹੈ, ਉਥੇ ਇਸ ਗੱਲ ਦਾ ਮਾਣ ਵੀ ਕਿ ਮੌਜੂਦਾ ਸਮੇਂ ਵਿਚ ਇਹ ਇਕੋ ਇਕ ਰਾਗੀ ਜਥਾ ਹੈ ਜੋ ਸਹੀ ਰੂਪ ਵਿਚ ਕੀਰਤਨ ਦੀ ਚੌਂਕੀ ਭਰਦਾ ਹੈ। ਕਿਉਂਕਿ ਚੌਕੀ ਤੋਂ ਮੁਰਾਦ ਹੈ ਚੌਕੜੀ ਭਾਵ ਚਹੁੰ ਜਣਿਆਂ ਵਲੋਂ ਕੀਤਾ ਗਿਆ ਕੀਰਤਨ। ਉਹ ਵੱਖਰੀ ਗੱਲ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਚਲਿਤ ਪੁਰਾਤਨ ਚੌਂਕੀਆਂ ਦੀ ਮਰਯਾਦਾ ਮੂਜਬ ਸਾਰੇ ਰਾਗੀ ਤੰਤੀ ਸਾਜ਼ਾਂ ਨਾਲ ਹੀ ਕੀਰਤਨ ਕਰਦੇ ਸਨ। ਅਜੋਕੇ ਹਰਮੋਨੀਅਮ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ ਸੀ ਹੁੰਦਾ। ਮੁਬਾਰਕ ਵਾਲੀ ਗੱਲ ਹੈ ਕਿ ਭਾਈ ਅਮਰੀਕ ਸਿੰਘ ਜ਼ਖਮੀ ਦੇ ਛੋਟੇ ਭਰਾਤਾ ਭਾਈ ਬ੍ਰਤਪਾਲ ਸਿੰਘ ਦਿਲਰੁਬਾ ਰਾਹੀਂ ਤੰਤੀ ਸਾਜ਼ ਦੀ ਪਰੰਪਰਾ ਨੂੰ ਸਜੀਵ ਰਖ ਰਹੇ ਹਨ। ਅਰਦਾਸ ਹੈ ਕਿ ਗੁਰੂ ਘਰ ਦੇ ਕੀਰਤਨੀਏ ਆਪਣੀ ਪਰੰਪਰਾ ਨਾਲ ਜੁੜਨ ਤੇ ਸਹੀ ਅਰਥਾਂ ਵਿਚ ਚਾਰ-ਚਾਰ ਜਣੇ ਰਲ ਕੇ ਤੰਤੀ ਸਾਜ਼ਾਂ ਵਾਲੀ ਕੀਰਤਨ ਚੌਂਕੀ ਭਰਿਆ ਕਰਨ ਅਤੇ ਸੰਗਤਾਂ ਨੂੰ ਆਪਣੇ ਵਿਰਸੇ ਦੀ ਅਮੀਰੀ ਨਾਲ ਨਿਹਾਲ ਕਰਿਆ ਕਰਨ।

# ਤੂੰ ਸਭਨੀ ਥਾਈ ਜਿਥੈ ਹਉ ਜਾਈ

ਭਗਵੰਤ ਸਿੰਘ ਦਲਾਵਰੀ
ਤਪੋਵਨ, ਅਮਰਾਵਤੀ 444 602
ਮਹਾਰਾਸ਼ਟਰਾ

ਕਦੇ ਕਦੇ ਮੈਂ ਸੋਚਦਾ ਹਾਂ ਕਿ ਇਨਸਾਨੀ ਚੇਹਰੇ ਹਰ ਵੇਲੇ ਹੱਸਦੇ ਕਿਉਂ ਨਹੀਂ। ਇਉਂ ਲਗਦਾ ਹੈ ਕਿ ਕਿਸੇ ਨਾ ਕਿਸੇ ਗੱਲ ਦੀ, ਪਰੇਸ਼ਾਨੀ ਹਰ ਇਕ ਨੂੰ ਚਮੁਟੀ ਹੋਈ ਹੈ ਅਤੇ ਪਰੇਸ਼ਾਨੀ ਦਾ ਹੱਲ ਭਾਵੇਂ ਹਰ ਵੇਲੇ ਮੌਜੂਦ ਹੈ ਗੁਰੂ ਗ੍ਰੰਥ ਸਾਹਿਬ ਵਿਚ, ਬਾਈਬਲ ਵਿਚ, ਕੁਰਾਨ ਵਿਚ, ਗੀਤਾ ਵਿਚ ਤੇ ਹੋਰ ਮਹਾਪੁਰਸ਼ਾਂ ਦੇ ਬਚਨਾਂ ਵਿਚ ਅਤੇ ਗੱਲ ਤਾਂ ਇਕੋ ਹੀ ਹੈ 'ਸਰਬ ਰੋਗ ਕਾ ਅਉਖਧ ਨਾਮ', ਪਰ ਕਿਉਂਕਿ ਅਸੀਂ ਨਾਮ ਤੋਂ ਦੂਰ ਆਪਣੀ ਮਾਇਕ ਜ਼ਿੰਦਗੀ ਵਿਚ ਇਤਨੇ ਉਲਝੇ ਹੋਏ ਹਾਂ ਕਿ ਸਾਨੂੰ ਯਾਦ ਹੀ ਨਹੀਂ ਰਹਿੰਦਾ ਕਿ ਅਸੀਂ ਉਸ ਪਰਮ ਪ੍ਰਮਾਤਮਾ ਦੀ ਅੰਸ਼ ਹਾਂ ਭਾਵੇਂ ਸਾਨੂੰ ਬਾਹਰ ਦੀਆਂ ਕਈ ਮੁਸ਼ਕਲਾਂ ਦਿਸਦੀਆਂ ਹਨ ਸਾਨੂੰ ਕੁਝ ਨਹੀਂ ਹੋ ਸਕਦਾ। ਆਰਿਆਂ ਨਾਲ ਚੀਰੇ ਜਾਈਏ ਜਾਂ ਦੇਗਾਂ ਵਿਚ ਉਬਾਲੇ ਜਾਈਏ, ਫਿਰ ਵੀ ਅਸੀਂ ਕੇਵਲ ਜ਼ਿੰਦਾ ਹੀ ਨਹੀਂ ਰਵਾਂਗੇ ਸਗੋਂ ਪਰਚੰਡ ਬੋਲੀ ਵਿਚ ਗੁਰੂ ਦੀ ਹਜ਼ੂਰੀ ਪਰਗਟ ਕਰਦੇ ਰਵਾਂਗੇ ਜਿਵੇਂ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਇਆਲਾ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਤੇ ਹੋਰ ਬੇਅੰਤ ਸ਼ਹੀਦ ਪ੍ਰਗਟ ਕਰਦੇ ਹਨ।

ਮੈਂ Holy Family ਅਸਪਤਾਲ (ਨਵੀਂ ਦਿੱਲੀ) ਦੇ ਕਮਰਾ ਨੰ: 428 ਵਿਚ ਬੈਡ ਨੰ: 2 ਤੇ ਬੈਠਾ ਹਾਂ। ਮੇਰੇ ਸਾਮ੍ਹਣੇ ਜੀਸਸ ਦੀ ਸੂਲੀ ਤੇ ਚੜ੍ਹਦੇ ਹੋਏ ਦੀ ਤਸਵੀਰ ਹੈ। ਮੈਨੂੰ ਯਾਦ ਆ ਰਿਹਾ ਹੈ ਕਿ ਸੱਚ ਲਈ ਕਿਸ ਤਰ੍ਹਾਂ ਹਰ ਇਕ ਨੂੰ ਸ਼ਹੀਦ ਹੋਣ ਲਈ ਤਿਆਰ ਰਹਿਣਾ ਪੈਂਦਾ ਹੈ। ਇਕ ਵਾਰ ਮੈਂ ਔਰੰਗਾਬਾਦ ਵਿਚ Bishop Rosario ਨਾਲ ਇਕ ਚਰਚ ਵਿਚ ਪ੍ਰਾਰਥਨਾ ਤੇ ਗਿਆ। ਵੜਦਿਆਂ ਸਾਰ ਮੈਂ ਵੇਖਿਆ ਕਿ ਦੀਵਾਰਾਂ ਤੇ Chirst ਦੀਆਂ ਕਈ ਤਸਵੀਰਾਂ ਸ਼ਹੀਦ ਹੋਣ ਲਈ ਜਾਣ ਦੀਆਂ ਤੇ ਕਰਾਸ ਮੋਢੇ ਤੇ ਰੱਖ ਕੇ ਮੁਸ਼ਕਿਲ ਨਾਲ ਟੁਰਦੇ ਹੋਏ ਦੀਆਂ ਲੱਗੀਆਂ ਸਨ। ਅੱਖਾਂ ਵਿਚ ਅਥਰੂ ਆ ਗਏ ਜਦੋਂ ਮੈਨੂੰ Bishop ਨੇ ਉੱਥੇ ਦੀਆਂ Sisters ਨੂੰ ਪ੍ਰਾਰਥਨਾ ਦੇ ਬਾਅਦ ਤਿੰਨ ਮਿਨਟ ਲਈ ਪ੍ਰਭੂ ਦੀ ਹਜ਼ੂਰੀ ਬਾਰੇ ਬੋਲਣ ਲਈ ਕਿਹਾ। ਮੈਂ ਦੱਸਿਆ ਕਿ ਧਰਮ ਤਾਂ ਇਕੋ ਹੀ ਹੈ ਉਸਦਾ ਨਾਮ ਹੈ ਪਿਆਰ, ਨਿਸ਼ਕਾਮ, ਸੱਚ ਲਈ ਮਿਟਣਾ, ਸਾਰੀ ਮਾਨਵਤਾ ਨੂੰ ਇਕੋ ਪਿਆਰ ਕਰਨਾ ਤੇ 24 ਘੰਟੇ ਪ੍ਰਭੂ ਦੀ ਯਾਦ ਵਿਚ ਰਹਿਣਾ। ਜਦੋਂ ਮੈਂ ਹੋਰ ਕਿਹਾ ਕਿ ਚਰਚ ਵਿਚ ਵੜਿਆ ਸਾਂ ਜੀਸਸ ਦੀਆਂ ਤਸਵੀਰਾਂ ਦੇਖ ਕੇ ਮੈਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਯਾਦ ਆ ਗਈ। ਅਥਰੂਆਂ ਵਿਚ ਮੈਂ ਸੋਚਣ ਲੱਗਾ ਕਿ ਜਦੋਂ ਕੋਈ ਸੱਚ ਦਾ ਨਾਅਰਾ ਬੁਲੰਦ ਕਰਦਾ ਹੈ ਉਸਨੂੰ ਜਾਨ ਤੇ ਖੇਡਣ ਲਈ ਤਿਆਰ ਰਹਿਣਾ ਚਾਹੀਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਇਹੋ ਕਿਹਾ ਸੀ ਨਾ, ਕਿ ਕਿਸੇ ਦਾ ਧਰਮ ਜਬਰਦਸਤੀ ਨਹੀਂ ਬਦਲਣਾ ਚਾਹੀਦਾ। ਗੁਰੂ ਅਰਜਨ ਦੇਵ ਜੀ ਨੇ ਇਹੋ ਕਿਹਾ ਸੀ ਕਿ ਸੱਚ ਹਿੰਦੂ, ਮੁਸਲਮਾਨ ਜਾਂ ਕੋਈ ਹੋਰ ਧਰਮ ਦੀ ਨਿੱਜੀ ਜਾਇਦਾਦ ਨਹੀਂ, ਇਹ ਤਾਂ ਸਾਰੀ ਮਾਨਵਤਾ ਦਾ ਸਾਂਝਾ ਜਖੀਰਾ ਹੈ। ਪਰ ਇਹ ਗੱਲ ਸੱਤਾ ਵਿਚ ਚੂਰ, ਮਾਇਆ ਵਿਚ ਬੇਹੋਸ਼ ਲੋਕਾਂ ਨੂੰ ਪਸੰਦ ਨਹੀਂ। ਇਸੇ ਤਰ੍ਹਾਂ ਜੀਸਸ ਦਾ ਵੀ ਕਰਮ ਕਾਂਡਾਂ ਨੂੰ ਕੱਟ ਸੱਚ ਦਾ ਪ੍ਰਗਟਾਉਣਾ ਪਸੰਦ ਨਹੀਂ ਕੀਤਾ ਗਿਆ। ਇਸ ਲਈ ਮੈਂ Christian Sisters ਨੂੰ ਦ੍ਰਿੜ ਕਰਾਇਆ ਕਿ ਤੁਹਾਡੇ ਹਰ ਕੰਮ ਵਿਚ ਪ੍ਰਭੂ ਦਾ ਪਿਆਰ, ਨਿਸ਼ਕਾਮ ਸੇਵਾ, ਜੀਸਸ ਦੀ ਕੁਰਬਾਨੀ ਤੇ ਸੱਚ ਲਈ ਦ੍ਰਿੜਤਾ ਨਾਲ ਨਿਡਰਤਾ ਪਰਗਟ ਹੋਣੀ ਚਾਹੀਦੀ ਹੈ ਤਾਂ ਹੀ ਤੁਸੀਂ Christian ਅਖਵਾਣ ਦੇ ਹੱਕਦਾਰ ਹੋ। ਫਿਰ ਮੈਨੂੰ ਯਾਦ ਆਇਆ ਕਿ ਜਦੋਂ ਮੈਂ ਪਹਿਲੀ ਵਾਰ ਕਈ ਸਾਲ ਪਹਿਲਾਂ ਅਮਰਾਵਤੀ ਵਿਖੇ Bishop ਦੇ ਘਰ ਪਉੜੀਆਂ ਚੜ੍ਹਦਾ ਪਿਆ ਸੀ ਤਾਂ ਇਕ ਤਸਵੀਰ ਤੇ ਲਿਖਿਆ ਵੇਖਿਆ ਸੀ, 'ਇਸ ਘਰ ਦਾ ਸਭ ਤੋਂ ਵੱਡਾ ਆਗੂ ਜੀਸਸ ਹੈ ਤੇ ਉਹ ਸਾਡੇ ਹਰ ਭੋਜਨ ਵੇਲੇ ਸਾਡੀ ਖਾਣੇ ਦੀ ਮੇਜ਼ ਤੇ ਹਾਜ਼ਿਰ ਰਹਿੰਦਾ ਹੈ, ਇਤਆਦਿ ..' ਤੇ ਮੈਂ ਬਿਸ਼ਪ ਨੂੰ ਪੁੱਛਿਆ ਸੀ ਕਿ ਇਹ ਦੀਵਾਰ ਤੇ ਤਸਵੀਰ ਵਿਚ ਹੀ ਲਿਖਿਆ ਹੋਇਆ ਹੈ ਜਾਂ ਇਥੋਂ ਦੇ ਸਾਰੇ Priests ਤੇ Sisters ਦੇ ਮਨ ਵਿਚ ਸਮਾ ਗਿਆ ਹੈ। ਉਹ ਹਸ ਪਏ ਸਨ ਪਰ ਇਸ ਗੱਲ ਨੂੰ ਯਾਦ ਕਰ ਕੇ ਦਸ ਸਾਲ ਬਾਅਦ ਕਿਸੇ ਹੋਰ ਸਰਬ-ਧਰਮ ਸਭਾ ਵਿਚ ਮੇਰਾ ਪਰਿਚਯ ਦੇਂਦਿਆਂ ਕਿਹਾ ਸੀ ਕਿ ਇਹ ਉਹ ਭਗਵੰਤ ਸਿੰਘ

ਹੈ ਜਿਸ ਨੂੰ ਪਹਿਲੀ ਵਾਰ Bishop House ਆਉਣ ਤੇ ਯਾਦ ਕਰਾਇਆ ਸੀ ਕਿ ਪ੍ਰਭੂ ਦੇ ਹੁਕਮ ਸਿਰਫ ਦੀਵਾਰ ਤੇ ਨਹੀਂ ਹੋਣੇ ਚਾਹੀਦੇ ਸਗੋਂ ਸਾਡੇ ਦਿਲਾਂ ਵਿਚ ਬਹਿ ਜਾਣੇ ਚਾਹੀਦੇ ਹਨ। Bishop ਨੇ ਤੇ Sisters ਨੇ ਮੈਨੂੰ ਬੜਾ ਪਿਆਰ ਕੀਤਾ ਤੇ ਮੈਂ ਇਹ ਪਿਆਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸਰਬ ਸਾਂਝੀਵਾਲਤਾ ਤੇ ਸਾਰੀ ਮਾਨਵਤਾ ਤੇ ਸਾਰੇ ਧਰਮਾਂ ਦੇ ਪਿਆਰ ਦਾ ਪ੍ਰਤੀਕ ਸਮਝਦਾ ਹਾਂ।

ਇੱਥੇ ਨਵੀਂ ਦਿੱਲੀ ਦੇ ਹੋਲੀ ਫੈਮਿਲੀ ਹਸਪਤਾਲ ਵਿਚ ਦੋ ਟ੍ਰੇਨਿੰਗ ਲੈਂਦੀਆਂ ਨਰਸਾਂ ਮੇਰਾ ਬਿਸਤਰ ਸਾਫ ਕਰਨ ਆਈਆਂ ਤੇ ਪੁੱਛਣ ਲੱਗੀਆਂ, ਆਪਦਾ prostrate ਦਾ ਆਪਰੇਸ਼ਨ ਹੈ, ਆਪ ਡਰੇ ਹੋਏ ਤਾਂ ਨਹੀਂ। ਮੈਂ ਪੁਛਿਆ ਤੂੰ Tibetan ਹੈਂ, ਤੇਰਾ ਧਰਮ ਕੀ ਹੈ ਤੇ ਡਰ ਕੀ ਹੁੰਦਾ ਹੈ? ਉਸ ਮੇਰੇ ਵੱਲ ਤੱਕ ਕੇ ਪਛਾਣ ਲਿਆ ਤੇ ਕਹਿਣ ਲੱਗੀ, ਤੁਸੀਂ ਸਿੱਖ ਹੋ ਨਾ? ਮੈਂ ਕਿਹਾ ਹੁਣ ਤਾਂ ਤੇਰੇ ਸਵਾਲ ਦਾ ਜੁਆਬ ਮਿਲ ਗਿਆ ਨਾ, ਸਿੱਖ ਨੂੰ ਕਾਹਦਾ ਡਰ? ਮੇਰੇ ਗੁਰੂ ਨੇ ਤਾਂ ਸਮਝਾ ਦਿੱਤਾ ਹੈ ਕਿ ਅਸੀਂ ਸਰੀਰ ਹਾਂ ਹੀ ਨਹੀਂ ਅਸੀਂ ਤਾਂ ਪ੍ਰਭੂ ਦੀ ਅੰਸ਼ ਹਾਂ, ਜਿੱਥੇ ਵੀ ਰਹਾਂਗੇ ਪ੍ਰਭੂ ਦੇ ਚਰਨਾਂ ਵਿਚ ਰਹਾਂਗੇ, ਯਾਦ ਆ ਗਏ ਕਬੀਰ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਵਾਕ,

*ਮੈਂ ਨ ਮਰਉ ਮਰਿਬੋ ਸੰਸਾਰਾ।*
*ਅਬ ਮੋਹਿ ਮਿਲਿਓ ਹੈ ਜੀਆਵਨਹਾਰਾ॥*

(ਪੰਨਾ 325)

*ਕਹੁ ਨਾਨਕ ਗੁਰਿ ਭਰਮੁ ਚੁਕਾਇਆ।*
*ਨਾ ਕੋਈ ਮਰੈ ਨ ਆਵੈ ਜਾਇਆ॥*

(ਪੰਨਾ 885)

ਉਹ ਨਰਸ ਖਿੜਖਿੜਾ ਦੇ ਹੱਸ ਪਈ। ਮੈਂ ਹੱਸ ਕੇ ਸੋਚਣ ਲੱਗਾ, ਮੈਂ ਹੱਟਾ-ਖੱਟਾ ਹਾਂ ਕੋਈ ਤਕਲੀਫ ਲੱਗ ਨਹੀਂ ਰਹੀ, ਬਿਸਤਰ ਤੇ ਲੇਟਿਆ ਹੋਇਆ ਬੜਾ ਅਜੀਬ ਲਗਦਾ ਹੈ, ਚੰਗਾ-ਭਲਾ ਹੁੰਦਾ ਹੋਇਆ ਵੀ ਮਰੀਜ਼। ਡਾਕਟਰਾਂ ਨੇ ਆਪਣਾ ਕੰਮ ਕਰਨਾ ਹੈ, ਕੁਝ ਸਾਲਾਂ ਤੋਂ ਪਿਸ਼ਾਬ ਪੂਰੀ ਤਰ੍ਹਾਂ ਠੀਕ ਨਹੀਂ ਆਉਂਦਾ। ਦਵਾਈਆਂ ਲੈ ਲੈ ਕਿ ਹੁਣ ਤੱਕ ਸਮਾਂ ਲੰਘ ਗਿਆ, ਹੁਣ ਡਾਕਟਰ ਕਹਿੰਦੇ ਹਨ prostrate ਦਾ ਆਪਰੇਸ਼ਨ ਜ਼ਰੂਰੀ ਹੈ। ਮੈਂ ਕਹਿ ਦਿੱਤਾ ਠੀਕ ਹੈ ਜੋ ਆਪ ਦਾ ਇਹੀ ਵਿਚਾਰ ਹੈ ਤਾਂ ਕਰ ਦਿਓ ਆਪਰੇਸ਼ਨ। ਨਰਸਾਂ ਤਿਆਰੀ ਕਰ ਰਹੀਆਂ ਹਨ operation theater ਲਿਜਾਣ ਦੀਆਂ, ਭੁੱਖਾ ਰਹਿਣ ਲਈ ਕਹਿ ਗਈਆਂ ਹਨ ਤੇ ਮੈਂ ਉਨ੍ਹਾਂ ਦੇ ਬੁਲਾਵੇ ਦੀ ਇੰਤਜ਼ਾਰ ਕਰ ਰਿਹਾ ਹਾਂ। ਕਈ ਸਾਲਾਂ ਤੋਂ ਸਾਹਿਬਾਂ ਦੇ ਚਰਨਾਂ ਵਿਚ ਅੰਮ੍ਰਿਤ ਵੇਲੇ ਸਾਧ ਸੰਗਤ ਦੀ ਚਰਨ ਧੂੜ ਲੈ ਕੇ ਕੀਰਤਨ ਵਿਚ ਬੈਠਣ ਦਾ ਸ਼ੌਂਕ ਹੈ ਜਾਂ ਹਰਿਮੰਦਰ ਸਾਹਿਬ ਤੋਂ Radio T.V. ਤੇ ਸੁਨਣ ਦਾ ਨਿਯਮ ਹੈ। ਹਸਪਤਾਲ ਵਿਚ ਉਹ ਗੱਲ ਨਹੀਂ ਬਣਦੀ। ਰੇਡੀਓ ਤਾਂ ਹੌਲੀ ਹੌਲੀ ਸੁਣਦਾ ਰਿਹਾ ਹਾਂ ਤੇ ਆਪਰੇਸ਼ਨ ਕਰਾਉਣ ਲੱਗਿਆ ਇਸ ਗੱਲ ਦਾ ਡਰ ਨਹੀਂ ਕਿ operation ਠੀਕ ਹੋਵੇਗਾ ਕਿ ਨਹੀਂ, ਮਰਾਂਗਾ ਜਾਂ ਜੀਵਾਂਗਾ ਪਰ ਇਸ ਗੱਲ ਦਾ ਸ਼ੌਕ ਹੈ ਤੇ ਉਮੰਗ ਹੈ ਕਿ ਇਹ ਜੋ ਹੋਣਾ ਹੈ ਹੋਏ, ਜਲਦੀ-ਜਲਦੀ ਸਿਆਪਾ ਮੁੱਕੇ ਤੇ ਜੇ ਅਜੇ ਪ੍ਰਭੂ ਦੀ ਮਰਜ਼ੀ ਨਾਲ ਇਸ ਦੁਨੀਆਂ ਵਿਚ ਇਸੇ ਸ਼ਰੀਰ ਵਿਚ ਰਹਿਣਾ ਹੈ ਤਾਂ ਛੇਤੀ-ਛੇਤੀ ਵਿਹਲੇ ਹੋ ਕੇ ਫਿਰ ਸਾਧ ਸੰਗਤ ਦੀ ਚਰਣ ਧੂੜ ਲੈਣ ਤੇ ਪ੍ਰਭੂ ਕੇ ਗੁਣਗਾਨ ਦੇ ਮੌਕਿਆਂ ਦਾ ਰੰਗ ਮਾਣਦੇ ਰਹੀਏ ਤੇ ਜੋ ਪ੍ਰਭੂ ਦੀ ਮਰਜ਼ੀ ਹੈ ਇਸ ਦੁਨੀਆਂ ਨੂੰ ਛੱਡ ਕੇ ਪ੍ਰਭੂ ਦੀ ਦਰਗਾਹ ਵਿਚ ਉਸਦੇ ਗੁਣ ਗਾਈਏ ਤਾਂ ਉਹ ਵੀ ਸਾਨੂੰ ਖਿੜੇ ਮੱਥੇ ਮੰਜ਼ੂਰ ਹੋਵੇ।

ਇਕ ਵਾਰ ਪਹਿਲਾਂ ਵੀ ਲਿਖਿਆ ਸੀ ਕਿ ਜਦੋਂ ਹੋਲੀ ਫੈਮਿਲੀ ਹਸਪਤਾਲ ਕਿਸੇ ਨੂੰ ਮਿਲਣ ਆਏ ਸੀ ਜਾਂ OPD ਵਿਚ ਕਿਸੇ ਡਾਕਟਰ ਨੂੰ ਦਿਖਾਉਣ ਆਏ ਸੀ ਕਿ ਅਸੀਂ ਵੱਖ ਵੱਖ ਧਰਮਾਂ ਦੇ ਬੰਦੇ ਲੜਦੇ ਕਿਉਂ ਹਾਂ? ਅੱਜ ਫਿਰ ਇਹ ਗੱਲ ਹੋਰ ਦ੍ਰਿੜਤਾ ਨਲ ਦਿਲ ਵਿਚ ਆ ਰਹੀ ਹੈ ਕਿ ਇਥੇ ਦੀਆਂ ਇਸੇ ਹਸਪਤਾਲ ਵਿਚ Christian ਨਰਸਾਂ ਮੁਸਲਮਾਨ ਮਰੀਜ਼, ਸਿੱਖ ਡਾਕਟਰ ਤੇ ਹੋਰ ਤਰ੍ਹਾਂ ਨਾਲ ਸਾਰੇ ਧਰਮਾਂ ਦੇ ਸਾਰੇ ਲੋਕ ਸਾਰੇ ਕਿਸਮਾਂ ਦੇ ਕੰਮਾਂ ਵਿਚ ਇਕਮਿਕ ਹੋ ਕੇ ਇਕੋ ਪਿਆਰ ਵਿਚ, ਇਕੋ ਧਿਆਨ ਵਿਚ ਮਸਤ ਹਨ। ਕਿਸੇ ਨੂੰ ਹੋਰ ਕਿਸੇ ਗੱਲ ਦੀ ਵਿਹਲ ਨਹੀਂ ਸੀਵਾਏ ਆਪਣਾ ਕੰਮ ਕਰਨ ਦੇ। ਭਾਵੇਂ ਪਹਿਰਾਵੇ ਤੋਂ ਅਕੀਦੇ ਤੋਂ ਜਾਂ ਗੱਲਾਂ ਕਰਨ ਤੋਂ ਵੱਖ ਵੱਖ ਧਰਮ ਦੇ ਬੰਦੇ ਲੱਗਦੇ ਹਨ, ਸਾਰੇ ਇਕੋ ਧੁੰਨ ਵਿਚ ਲਗਦੇ ਹਨ ਤੇ ਉਹ ਧੁੰਨ ਹੈ ਮਨੁੱਖਾਂ ਨੂੰ ਬੀਮਾਰੀਆਂ ਤੋਂ ਬਚਾਉਣਾ, ਮੌਤ ਤੋਂ ਬਚਾਉਣਾ ਤੇ ਜਿਨਾਂ ਚਿਰ ਜੀਉਂਦੇ ਹਨ, ਸੁਖ-ਸ਼ਾਂਤੀ ਨਾਲ ਰਹਿਣਾ ਯਾਦ ਆ ਗਿਆ,

*'ਮ੍ਰਿਤੁ ਹਸੈ ਊਪਰੇ ਪਸੂਆ ਨਹੀਂ ਬੂਝੈ।*
*ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ॥*

(ਪੰਨਾ 809)

ਮਤਲਬ ਇਹ ਕਿ ਜੇ ਸਾਨੂੰ ਮੌਤ ਯਾਦ ਹੈ ਤਾਂ ਅਹੰਕਾਰ ਮਿਟ ਜਾਂਦਾ ਹੈ ਤੇ ਬਹਿਸਾਂ ਕਰਨ ਨੂੰ ਜੀ ਨਹੀਂ

ਕਰਦਾ। ਪਰ ਸਭ ਤੋਂ ਵੱਡੀ ਗੱਲ ਕਿਉਂਕਿ ਜਦੋਂ ਆਦਮੀ ਮਾਇਆ ਦੀ ਮਸਤੀ ਹੇਠ ਆਪਣੇ ਵਡਪੁਣੇ ਵਿਚ ਡੁੱਬਾ ਰਹਿੰਦਾ ਹੈ ਤੇ ਦੁਖ-ਰਹਿਤ ਹੁੰਦਾ ਹੈ ਉਸਨੂੰ ਆਪਣੀ ਆਕੜ ਆਪਣੇ ਵੱਡੇ ਹੋਣ ਦਾ ਮਾਣ, ਬਹਿਸਾਂ ਕਰਕੇ ਆਪਣੀ ਜ਼ਿੱਦ ਮਨਵਾਉਣ ਦਾ ਮਾਣ ਰਹਿੰਦਾ ਹੈ ਪਰ ਜਦੋਂ ਦੁਖੀ ਹੁੰਦਾ ਹੈ, ਉਸਨੂੰ ਸਾਰਿਆਂ ਦਾ ਦੁਖ ਦੇਖ ਕੇ ਆਪਣੀ ਲਾਚਾਰੀ ਯਾਦ ਰਹਿੰਦੀ ਹੈ ਫਿਰ ਉਹ ਝਗੜੇ ਨਹੀਂ ਕਰਦਾ ਸਗੋਂ ਹੋਰ ਦੁਖੀਆਂ ਨਾਲ ਆਪਣੀ ਸਾਂਝ ਪਾ ਲੈਂਦਾ ਹੈ ਇਸੇ ਲਈ ਤਾਂ ਸਾਹਿਬ ਕਹਿੰਦੇ ਹਨ,

*ਦੁਖ ਦਾਰੂ ਸੁਖੁ ਰੋਗ ਭਇਆ।*

ਖਿਆਲ ਆਉਂਦਾ ਹੈ ਕਿ ਜਿਸ ਤਰ੍ਹਾਂ ਹਸਪਤਾਲ ਭਾਵੇਂ Christian ਦਾ ਹੋਵੇ, ਜਾਂ ਸਿੱਖਾਂ ਦਾ ਭਾਵੇਂ ਹਿੰਦੂਆਂ ਦਾ ਭਾਵੇਂ ਮੁਸਲਮਾਨਾਂ ਦਾ ਉਸ ਵਿਚ ਜੇ ਸਾਰੇ ਡਾਕਟਰ ਸਾਰੇ ਮਰੀਜ਼ ਸਾਰੇ ਕਰਮਚਾਰੀ ਇਕੋ ਪਿਆਰ ਨਾਲ ਅੰਦਰੋਂ ਅੰਦਰ Silent prayer ਵਿਚ ਜੁੜੇ ਰਹਿੰਦੇ ਹਨ ਕਿਉਂ ਨਾ ਗੁਰਦੁਆਰਿਆਂ ਵਿਚ, ਮੰਦਰਾਂ ਵਿਚ, ਗਿਰਜਿਆਂ ਵਿਚ, ਮਸਜਿਦਾਂ ਵਿਚ ਅਸੀਂ ਸਾਰੇ ਰਲ ਕੇ ਇਸ prayer ਵਿਚ ਲੱਗੇ ਰਹੀਏ ਕਿ ਹੇ ਪ੍ਰਭੂ, ਸਾਰੇ ਹੀ ਅਸੀਂ ਤੇਰੇ ਧੀਆਂ-ਪੁੱਤਰ ਹਾਂ ਤੇ ਸਾਰੇ ਪੂਜਾ ਅਸਥਾਨ ਤੇਰੀ ਪੂਜਾ ਵਾਸਤੇ ਬਣੇ ਹਨ ਤੇ ਸਾਰੇ ਹੀ ਪੂਜਾ ਤਰੀਕੇ ਤੇਰੀ ਵਡਿਆਈ ਪ੍ਰਗਟ ਕਰਦੇ ਹਨ, ਸਾਰੀ ਮਾਨਵਤਾ ਤੇਰੇ ਹੀ ਗੁਣ ਗਾਉਂਦੀ ਹੈ। ਕਿਉਂ ਨਾ ਅਸੀਂ ਸਾਰੇ ਹੀ ਇਸ ਗੱਲ ਨੂੰ ਯਾਦ ਕਰਦਿਆਂ

*ਤੂੰ ਸਭਨੀ ਥਾਈ ਜਿਥੈ ਹਉ ਜਾਈ।* (ਪੰਨਾ 438)

ਰਲ ਕੇ ਇਕੋ ਥਾਂ ਕਦੇ ਕਿਸੇ ਤਰੀਕੇ, ਕਦੇ ਕਿਸੇ ਤਰੀਕੇ ਨਾਲ ਪ੍ਰਾਰਥਨਾ ਕਰਕੇ ਤੈਨੂੰ ਵਡਿਆਈਆਂ ਕਰੀਏ। ਗੁਰਦੁਆਰੇ ਵਿਚ ਸਾਰੇ ਹੀ ਹਿੰਦੂ, ਮੁਸਲਮਾਨ, ਸਿੱਖ, ਇਸਾਈ ਤੇਰੀਆਂ ਵਡਿਆਈਆਂ ਦੇ ਕੀਰਤਨ ਕਰੀਏ, ਇਕੱਠੇ ਲੰਗਰ ਕਰੀਏ ਸਭ ਨਾਲ ਪ੍ਰੇਮ ਵਧਾਈਏ ਤੇ ਦੁਆ ਮੰਗੀਏ ਐਨ ਇਸੇ ਤਰ੍ਹਾਂ ਜਿਵੇਂ ਗੁਰੂ ਅਮਰਦਾਸ ਨੇ ਕਿਹਾ ਸੀ,

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*

(ਪੰਨਾ 853)

ਗੁਰੂ ਗ੍ਰੰਥ ਸਾਹਿਬ ਤਾਂ ਸੱਚਮੁਚ ਹੀ ਇਸਦਾ ਪ੍ਰਤੀਕ ਹਨ, ਕਿਉਂ ਨਾ ਚਰਚ ਵਿਚ, ਮਸਜਿਦ ਵਿਚ ਤੇ ਮੰਦਰਾਂ ਵਿਚ ਵੀ ਅਸੀਂ ਸਾਰੇ ਹਿੰਦੂ, ਮੁਸਲਮਾਨ ਆਪਸੀ ਪਿਆਰ ਤੇ ਪੂਰਨ ਸ਼ਰਧਾ ਵਿਚ ਜੁੜ ਕੇ ਆਪਣੇ ਅੰਦਰ ਉਸ ਅੱਲਾ ਨੂੰ, ਉਸ ਰਾਮ ਨੂੰ, ਉਸ ਰਹੀਮ ਨੂੰ, ਉਸ God ਨੂੰ, ਉਸ ਖ਼ੁਦਾ ਨੂੰ ਇਕੋ ਇਕ ਹਸਤੀ ਮੰਨ ਕੇ ਆਪਣੇ ਜੀਵਨ ਵਿਚ ਸਦੀਵੀ ਖ਼ੁਸ਼ੀ ਪੈਦਾ ਕਰੀਏ।

# ਮਾਤਾ ਧਰਤਿ ਮਹਤੁ

ਕੁਲਬੀਰ ਸਿੰਘ
956, ਫੇਜ਼ 3ਬੀ-2,
ਮੋਹਾਲੀ (ਪੰਜਾਬ)

ਸ੍ਰੀ ਜਪੁਜੀ ਸਾਹਿਬ ਜੀ ਦੇ ਸਮਾਪਤੀ ਦੇ ਸਲੋਕ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਵਿੱਚ ਕਿੰਨੀ ਮਹੱਤਵਪੂਰਨ ਸਿੱਖਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਵਾ (ਪਵਣੁ) ਨੂੰ ਗੁਰੂ ਦਾ ਦਰਜਾ ਦੇ ਦਿੱਤਾ ਹੈ, ਪਾਣੀ ਅਤੇ ਧਰਤੀ ਨੂੰ ਪਿਤਾ ਅਤੇ ਮਾਤਾ ਦਾ ਦਰਜਾ ਦੇ ਕੇ, ਵਾਤਾਵਰਣ ਨੂੰ ਬੜਾ ਸਤਿਕਾਰਿਆ ਹੈ। ਧਰਤੀ ਦੀ ਭਲਾਈ ਹਿੱਤ ਮਨੁੱਖ ਨੂੰ ਸੋਝੀ ਦਿੱਤੀ ਹੈ।

ਹਵਾ, ਧਰਤੀ ਅਤੇ ਪਾਣੀ ਸਾਡੀ ਸ੍ਰਿਸ਼ਟੀ ਦੇ ਤਿੰਨ ਮੁੱਖ ਅੰਗ ਹਨ। ਇਹ ਤਿੰਨਾਂ ਅੰਗਾਂ ਬਾਰੇ, ਵਿਗਿਆਨਕ ਦ੍ਰਿਸ਼ਟੀਕੋਣ ਨਾਲ ਮਹਿਸੂਸ ਕੀਤੀਆਂ ਕੁਝ ਵਿਚਾਰਾਂ ਹਨ।

ਹਵਾ - ਹਵਾ ਨੂੰ ਸਾਫ ਸੁਥਰਾ ਰੱਖਣਾ ਸਾਡਾ ਪ੍ਰਯੋਜਨ ਹੋਣਾ ਚਾਹੀਦਾ ਹੈ। ਕਈ ਢੰਗਾਂ ਨਾਲ ਅਸੀਂ ਪ੍ਰਦੂਸ਼ਨ ਨੂੰ ਘਟਾ ਸਕਦੇ ਹਾਂ।

ਕਾਰ ਜਾਂ ਸਕੂਟਰ ਨੂੰ ਲੋੜ ਤੋਂ ਪਹਿਲਾ Start ਨਹੀਂ ਕਰਨਾ ਚਾਹੀਦਾ। ਖੜੀ ਕਾਰ, ਆਦਿ ਨੂੰ ਬੇਲੋੜੀ Acceleration (ਜਾਂ Race) ਦੇਣੀ ਠੀਕ ਨਹੀਂ ਹੈ। ਇਹ ਕਰਨ ਨਾਲ ਵਾਧੂ ਦਾ ਧੂਆਂ ਹਵਾ ਵਿੱਚ ਸੁੱਟਿਆ ਜਾ ਰਿਹਾ ਹੈ। ਕਾਰ, ਸਕੂਟਰ ਆਦਿ ਦੇ Exhaust System ਨੂੰ ਠੀਕ ਰੱਖਣਾ ਚਾਹੀਦਾ ਹੈ (ਜੋ ਕਿ ਹੁਣ ਕਾਨੂੰਨੀ ਤੌਰ ਤੇ ਵੀ ਜ਼ਰੂਰੀ ਹੈ)। Traffic Jam ਦੀ ਸਥਿਤੀ ਵਿੱਚ ਕਾਰ/ਸਕੂਟਰ ਦੇ ਇੰਜਣ ਨੂੰ ਬੰਦ ਕਰ ਦੇਣ ਨਾਲ ਪ੍ਰਦੂਸ਼ਣ ਘੱਟਦਾ ਹੈ। ਜਿਥੋਂ ਤੱਕ ਹੋ ਸਕੇ ਕਾਰ ਨੂੰ ਰਲ-ਮਿਲ ਕੇ ਵਰਤ ਲੈਣਾ ਚਾਹੀਦਾ ਹੈ। ਸੁਣਿਆ ਹੈ ਕਿ ਕੁਝ ਦੇਸਾਂ (ਸਿੰਘਾਪੁਰ ਆਦਿ) ਵਿੱਚ ਜੇ ਕੋਈ ਕਾਰ ਖਾਲੀ ਹੀ ਜਾ ਰਹੀ ਹੋਵੇ ਤਾਂ ਡਰਾਈਵਰ ਦਾ ਕਾਨੂੰਨਨ ਫਰਜ਼ ਹੈ ਕਿ ਉਹ ਲੋੜਵੰਦ ਰਾਹੀ ਨੂੰ ਜ਼ਰੂਰ ਨਾਲ ਬਿਠਾ ਕੇ ਲਿਫਟ ਦੇ ਦੇਵੇ; ਨਹੀਂ ਤਾਂ ਚਲਾਨ ਵੀ ਹੋ ਸਕਦਾ ਹੈ।

ਤਮਾਕੂ ਪੀਣ ਵਾਲੇ ਲੋਕਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਉਹ ਵਾਤਾਵਰਣ ਨੂੰ ਦੂਸ਼ਤ ਕਰ ਰਹੇ ਹਨ। ਐਸਾ ਵਾਤਾਵਰਣ ਸਾਰਿਆਂ ਵਾਸਤੇ ਹਾਨੀਕਾਰਕ ਹੈ। ਇਸ ਦੀ ਵਰਤੋਂ ਦੇ ਤਿਆਗ ਬਾਰੇ ਉਹਨਾਂ ਨੂੰ ਗਿਆਨ ਦੇਣਾ ਚਾਹੀਦਾ ਹੈ।

ਪ੍ਰਦੂਸ਼ਨ ਦਾ ਇੱਕ ਹੋਰ ਵੀ ਪੱਖ ਹੈ। ਇਹ ਦੇ ਰੌਲੇ ਰੱਪੇ (Noise Pollution) ਦਾ। ਬੇਲੋੜਾ ਸ਼ੋਰ ਵੀ ਹਾਨੀਕਾਰਕ ਪ੍ਰਦੂਸ਼ਣ ਦੀ ਇੱਕ ਕਿਸਮ ਹੈ। ਇਸ ਦਾ ਸੰਬੰਧ ਕੰਨਾਂ ਦੀਆਂ ਬਿਮਾਰੀਆਂ, ਬਲੱਡ ਪ੍ਰੈਸ਼ਰ, ਹਾਈਪਰ ਟੈਨਸ਼ਨ ਆਦਿ ਨਾਲ ਹੈ। ਰੌਲਾ-ਪਨ ਆਪਣੇ ਆਪ ਵਿੱਚ ਹੀ ਇੱਕ ਵੱਡਾ ਪ੍ਰਦੂਸ਼ਨ ਹੈ। ਇਸ ਨੂੰ ਅਸੀਂ ਆਪਣੇ ਨਿਜੀ ਯੋਗਦਾਨ ਨਾਲ ਠੱਲ ਪਾ ਸਕਦੇ ਹਾਂ।

ਚੌਕ ਤੇ Red Lights ਤੇ ਬੇਲੋੜੇ ਹੌਰਨ ਨਹੀਂ ਮਾਰਨੇ ਚਾਹੀਦੇ। Traffic ਨੇ ਆਪਣੇ ਸਮੇਂ ਅਨੁਸਾਰ ਆਪੇ ਹੀ ਅੱਗੇ ਚੱਲ ਪੈਣਾ ਹੁੰਦਾ ਹੈ। ਹੌਰਨ ਵਜਾਉਣ ਨਾਲ ਕੋਈ ਫਰਕ ਨਹੀਂ ਪੈਂਦਾ। ਇੱਕ ਦੇ ਹੌਰਨ ਨੂੰ ਸੁਣ ਕੇ ਦੂਜਾ ਜਣਾ ਵੀ ਹੌਰਨ ਵਜਾਉਣ ਲੱਗ ਪੈਂਦਾ ਹੈ। ਇਸ ਨਾਲ ਕੋਈ ਲਾਭ ਨਹੀਂ ਹੁੰਦਾ; ਸਗੋਂ ਘਬਰਾਹਟ ਹੀ ਪੈਦਾ ਹੁੰਦੀ ਹੈ ਜੋ ਬਿਮਾਰੀਆਂ ਦਾ ਕਾਰਨ ਬਣਦੀ ਹੈ। ਘਰ ਦੇ ਬਾਹਰ ਕਿਸੇ ਦੀ ਇੰਤਜ਼ਾਰ ਵਿੱਚ ਖੜੇ ਹੋਈਏ ਤਾਂ ਐਵੇਂ ਹੀ ਹੌਰਨ ਮਾਰ ਦੇਈਦਾ ਹੈ। ਕਿਸੇ ਲੋੜ ਵਾਲੀ ਸਥਿਤੀ ਵਿੱਚ ਚਾਰ ਚਾਰ, ਛੇ ਛੇ ਹੌਰਨ ਵਜਾਉਣ ਨਾਲੋਂ ਇਕ ਜਾਂ ਦੋ ਹੌਰਨ ਵਜਾਏ ਹੀ ਕਾਫੀ ਹੁੰਦੇ ਹਨ। ਬੱਸਾਂ ਦੇ ਡਰਾਈਵਰਾਂ ਨੂੰ ਵੀ ਬੇਨਤੀ ਹੈ ਕਿ ਉਹ ਵੀ ਇਸ ਗੱਲ ਵੱਲ ਧਿਆਨ ਦੇਣ ਤੇ ਹੌਰਨਾਂ ਦੀ ਲੋੜ ਅਨੁਸਾਰ ਹੀ ਵਰਤੋਂ ਕਰਨ। ਉੱਚੀ ਆਵਾਜ਼ ਵਾਲੇ ਹੌਰਨਾਂ ਦੀ ਥਾਂ ਮੱਧਮ ਆਵਾਜ਼ ਦੇ ਹੌਰਨ ਵਰਤਣ ਨਾਲ Noise Pollution ਘੱਟਦੀ ਹੈ।

ਬਾਹਰਲੇ ਮੁਲਕਾਂ ਵਿੱਚ ਹੌਰਨ ਇਸ ਤਰ੍ਹਾਂ ਨਾਲ ਨਹੀਂ ਵਜਾਏ ਜਾਂਦੇ। ਹੌਰਨ ਦੀ ਵਰਤੋਂ ਅਤਿਅੰਤ ਸੰਕੋਚ ਨਾਲ ਕੀਤੀ ਜਾਂਦੀ ਹੈ। ਹੌਰਨ ਉਦੋਂ ਹੀ ਵਜਾਇਆ ਜਾਂਦਾ ਹੈ ਜਦੋਂ ਟਰੈਫਿਕ ਬਾਰੇ ਕੋਈ ਗਲਤੀ ਕਰ ਜਾਵੇ ਤੇ ਗਲਤੀ ਕਰਨ ਵਾਲਾ ਸਮਝ ਲੈਂਦਾ ਹੈ ਕਿ ਉਸ ਕੋਲੋਂ ਕੋਈ ਗਲਤੀ ਜਾਂ ਅਣਗਿਹਲੀ ਹੋਈ ਹੈ। ਇਹਨਾਂ ਸਥਿਤੀਆਂ ਤੋਂ ਇਲਾਵਾ ਹੌਰਨ ਨਹੀਂ ਵਜਾਇਆ ਜਾਂਦਾ।

ਵੇਖਣ ਵਿੱਚ ਆਉਂਦਾ ਹੈ ਕਿ ਵਿਆਹਾਂ, ਸ਼ਾਦੀਆਂ ਤੇ ਸਭਿਆਚਾਰਕ ਮੇਲਿਆਂ ਅਤੇ ਇਕੱਠਾਂ ਵਿੱਚ, ਲੋਕ

ਲਾਊਡ ਸਪੀਕਰਾਂ ਦੀ ਵਰਤੋਂ ਕਰਦੇ ਹਨ। ਇਹ ਇਤਨੀ ਉੱਚੀ ਆਵਾਜ਼ ਤੇ ਲਾਏ ਹੁੰਦੇ ਹਨ ਕਿ ਕੰਨਾਂ ਤੇ ਇਹਨਾਂ ਦਾ ਮਾੜਾ ਅਸਰ ਪੈਂਦਾ ਹੈ। ਇਹ ਇੱਕ ਅੱਲੜ ਬੇ-ਸਮਝੀ ਹੀ ਹੈ ਜੋ ਦੇਖਾ-ਦੇਖੀ ਲੋਕੀ ਕਰਦੇ ਹਨ। ਲਾਊਡ ਸਪੀਕਰ ਇਤਨੇ ਉੱਚੇ ਲਗਾਏ ਹੁੰਦੇ ਹਨ ਕਿ ਇਕ ਦੂਸਰੇ ਦੀ ਗੱਲ ਵੀ ਨਹੀਂ ਸੁਣ ਸਕਦੇ। ਇਹਨਾਂ ਲੋਕਾਂ ਨੂੰ ਆਪਣੇ ਗੁਆਂਢ ਦੀ ਵੱਸੋਂ ਨਾਲ ਕੋਈ ਹਿਤ ਨਹੀਂ ਹੁੰਦਾ। ਕਿਧਰੇ ਕਿਸੇ ਘਰ ਵਿੱਚ ਕੋਈ ਬਿਮਾਰ ਪਿਆ ਹੋ ਸਕਦਾ ਹੈ ਜਿਸ ਨੂੰ ਅਰਾਮ ਦੀ ਲੋੜ ਹੈ ਤੇ ਕਿਧਰੇ ਕਿਸੇ ਵਿਦਿਆਰਥੀ ਨੇ ਅਗਲੇ ਦਿਨ ਦੇ ਇਮਤਿਹਾਨ ਦੀ ਤਿਆਰੀ ਕਰਨੀ ਹੁੰਦੀ ਹੈ। ਐਸੀਆਂ ਹੋਰ ਕਿਤਨੀਆਂ ਵਾਤਾਵਰਣਕ ਲੋੜਾਂ ਹੁੰਦੀਆਂ ਹਨ ਜਿਹਨਾਂ ਦਾ ਸ਼ੋਰ ਪਾਉਣ ਵਾਲੇ ਕੋਈ ਖਿਆਲ ਨਹੀਂ ਰੱਖਦੇ।

ਕਾਰਖਾਨਿਆਂ ਦੇ ਮਾਲਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਕਾਰਖਾਨਿਆਂ ਵਿੱਚ Noise Level ਨੂੰ ਘਟਾਉਣ। ਇਸ ਸਬੰਧੀ ਆਪਣੇ ਕਰਮਚਾਰੀਆਂ ਦੇ ਕੰਨਾਂ ਦੀ ਸਿਹਤ ਵੱਲ ਵੀ ਧਿਆਨ ਰੱਖਣ ਤੇ ਉਹਨਾਂ ਨੂੰ ਕੰਨਾਂ ਦੇ ਵਿੱਚ ਪਾਉਣ ਵਾਲੇ Plugs ਮੁਫਤ ਦੇਣ।

ਧਰਤੀ- ਧਰਤੀ ਮਾਂ ਦਾ ਦਰਜਾ ਰੱਖਦੀ ਹੈ। ਇਸ ਨੂੰ 'Mother Earth' ਵੀ ਕਹੀਦਾ ਹੈ। ਮਨੁੱਖ ਨੂੰ

*ਅਵਰ ਜੋਨਿ ਤੇਰੀ ਪਨਿਹਾਰੀ॥*

*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥*

ਦਾ ਮਾਣ ਪ੍ਰਾਪਤ ਹੋਣ ਕਰਕੇ ਧਰਤੀ ਸਬੰਧੀ ਫਰਜ਼ ਵੀ ਨਿਭਾਉਣੇ ਬਣਦੇ ਹਨ। ਮਨੁੱਖ ਦਾ ਕੰਮ ਧਰਤੀ ਦੀ ਸੁੰਦਰਤਾ ਕਾਇਮ ਰੱਖਣਾ, ਇਸ ਵਿੱਚ ਮੌਸਮ ਅਨੁਸਾਰ ਫੁੱਲ, ਬੂਟੇ ਲਗਾਉਣਾ, ਖਾਲੀ ਥਾਵਾਂ ਤੇ ਘਾਹ ਲਗਾਉਣਾ ਆਦਿ ਹੈ। ਇਹ ਕੁਝ ਮਨੁੱਖ ਦੇ ਧਰਤੀ ਸਬੰਧੀ ਫਰਜ਼ ਹਨ।

ਗੁਰੂ ਨਾਨਕ ਸਾਹਿਬ ਨੇ ਧਰਤੀ ਨੂੰ ਬੜੀ ਮਹਾਨਤਾ ਦਿੱਤੀ ਹੈ। ਇਸ ਨੂੰ 'ਮਾਂ' ਕਹਿ ਕੇ ਨਿਵਾਜਿਆ ਹੈ। ਮਾਂ ਦੇ ਬੱਚੇ ਕਿੰਨੇ ਵੀ ਖਰੂਦੀ ਹੋਣ ਪਰ ਮਾਂ ਆਪਣੇ ਬੱਚਿਆਂ ਨੂੰ ਸਦਾ ਪਿਆਰ ਹੀ ਦੇਂਦੀ ਹੈ। ਸੋ ਹਰ ਮਨੁੱਖ ਦਾ ਫਰਜ਼ ਹੈ ਕਿ ਧਰਤੀ ਨੂੰ ਮਾਂ ਵਰਗੀ ਇੱਜ਼ਤ ਦੇਵੇ। ਮਾਂ ਕਿੰਨੀ ਵੀ ਬਜ਼ੁਰਗ ਹੋਵੇ, ਹੋਣਹਾਰ ਬੱਚੇ ਉਸਨੂੰ ਸਦਾ ਖੁਸ਼ ਤੇ ਖਿੜਿਆ ਦੇਖਣਾ ਚਾਹੁੰਦੇ ਹਨ। ਸੋ ਧਰਤੀ ਦੇ ਹਰ ਬੱਚੇ ਦਾ ਫਰਜ਼ ਹੈ ਕਿ ਧਰਤੀ ਨੂੰ ਕਦੇ ਮੈਲਾ ਨਾ ਹੋਣ ਦੇਣ।

ਕਿਤਨੀ ਵਾਰੀ ਗੁਰਬਾਣੀ ਵਿੱਚ "ਨਿਰਮਲ" ਅੱਖਰ ਆਇਆ ਹੈ। ਅੰਗਰੇਜ਼ੀ ਦਾ ਇਹ ਅਖਾਣ "Cleanliness is next to Godliness" ਅੱਜ ਦੇ ਹਾਲਾਤ ਤੇ ਬਹੁਤ ਢੁੱਕਦਾ ਹੈ।

ਅਸੀਂ ਆਮ ਤੌਰ ਤੇ ਖਾਣ ਪੀਣ ਵਾਲੀਆਂ ਚੀਜ਼ਾਂ ਦੀ Packing ਨੂੰ ਜ਼ਮੀਨ ਤੇ ਸੁਟ ਦੇਣ ਦੇ ਬੜੇ ਆਦੀ ਹਾਂ। ਆਪਣੀ ਗੱਡੀ ਵਿੱਚ ਜਾਂਦੇ ਜਦੋਂ ਕੁਝ ਖਾਂਦੇ ਜਾਂ ਪੀਂਦੇ ਹਾਂ ਤਾਂ ਵੇਖਣ ਵਿੱਚ ਆਉਂਦਾ ਹੈ ਕਿ ਉਸ ਚੀਜ਼ ਦੇ ਖਾਲੀ ਡੱਬੇ ਨੂੰ ਗੱਡੀ ਤੋਂ ਬਾਹਰ ਸੁੱਟਣ ਵਿੱਚ ਕੋਈ ਸੰਕੋਚ ਨਹੀਂ ਕਰਦੇ। ਉਦਾਹਰਣ ਦੇ ਤੌਰ ਤੇ ਜੇ Coke ਪੀਤਾ ਤਾਂ ਉਸਦਾ ਖਾਲੀ Can ਬਾਹਰ ਹੀ ਸੁੱਟ ਦਿੱਤਾ ਜਾਂਦਾ ਹੈ। ਇੱਥੋਂ ਤੱਕ ਕਿ ਕੇਲੇ ਦੇ ਛਿਲੜ ਵੀ ਸੜਕ ਤੇ ਸੁੱਟੇ ਦਿਸਦੇ ਹਨ। ਜੇ ਕੋਈ Chips (Uncle Chips, Lay's ਆਦਿ) ਖਾਂਦੇ ਹਾਂ ਤਾਂ ਉਸਦਾ ਖਾਲੀ Packet ਬਾਹਰ ਸੁੱਟਿਆ ਜਾਂਦਾ ਹੈ। ਬੱਚਿਆਂ ਨੂੰ ਪਿਆਰ ਨਾਲ ਇਸ ਬਾਰੇ ਵੀ ਸਿੱਖਿਆ ਦੇਣੀ ਚਾਹੀਦੀ ਹੈ।

ਦੁਕਾਨਾਂ ਦੇ ਬਾਹਰ, ਪਾਰਕਾਂ, ਬਜ਼ਾਰਾਂ ਆਦਿ ਵਿੱਚ ਯੋਗ ਥਾਵਾਂ ਤੇ ਚੀਜ਼ਾਂ ਸੁੱਟਣ ਵਾਸਤੇ ਡੱਬੇ ਜਾਂ ਟੋਕਰੀਆਂ ਲਗਾਉਣੀਆਂ ਚਾਹੀਦੀਆਂ ਹਨ ਜਿਸ ਵਿੱਚ ਬੇਲੋੜਾ ਸਮਾਨ ਸੁੱਟਿਆ ਜਾ ਸਕਦਾ ਹੋਵੇ। "Use Me" ਆਦਿ ਵਰਗੇ ਬੋਰਡ ਇਨ੍ਹਾਂ ਟੋਕਰੀਆਂ ਉੱਪਰ ਲੱਗੇ ਹੋਣੇ ਚਾਹੀਦੇ ਹਨ। ਬੇ ਲੋੜੀਆਂ ਚੀਜ਼ਾਂ ਧਰਤੀ ਤੇ ਸੁੱਟਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਸਾਡਾ ਨਾਮ ਸਾਡੇ ਵਾਤਾਵਰਨ ਨਾਲ ਯਕੀਨਨ ਜੁੜਿਆ ਹੋਇਆ ਹੈ। ਇਹ ਪੁਛ ਕੇ ਵੇਖੀਏ ਕਿਸੇ ਬਾਹਰਲੇ ਮੁਲਕ ਤੋਂ ਆਏ ਬੰਦੇ ਨੂੰ।

ਉਪਰੋਕਤ ਲਿਖੇ ਹਾਲ ਤੋਂ ਕੀ ਦਿਸਦਾ ਹੈ ਕਿ ਅਸੀਂ "ਮਾਤਾ ਧਰਤਿ ਮਹਤੁ" ਦੇ ਆਦੇਸ਼ ਨੂੰ ਨਿਭਾ ਰਹੇ ਹਾਂ?

ਜਿਥੇ ਸਫਾਈ ਹੋਵੇ ਉੱਥੇ ਖੁਸ਼ੀ ਮਿਲਦੀ ਹੈ ਤੇ ਜਿਥੇ ਸੁੰਦਰਤਾ ਹੋਵੇ ਉਥੇ ਖੇੜਾ ਵੀ। ਸਾਰਾ ਜਗਤ ਹੀ ਪਰਮਾਤਮਾ ਦਾ ਘਰ ਹੈ।

*ਇਹੁ ਜਗੁ ਸਚੈ ਕੀ ਹੈ ਕੋਠੜੀ*

*ਸਚੇ ਕਾ ਵਿਚਿ ਵਾਸੁ॥*

ਅਸੀਂ ਇਸ ਜਗਤ ਘਰ ਦੇ ਮੈਂਬਰ ਹੋਣ ਨਾਤੇ ਇਸ ਦੀ ਸਫਾਈ ਦਾ ਖਿਆਲ ਆਪ ਰੱਖਣਾ ਹੈ।

ਬਰਸਾਤ ਦੇ ਮੌਸਮ ਵਿੱਚ ਬਨਸਪਤੀ ਖਿੜਦੀ ਫੁੱਲਦੀ ਹੈ। ਇਸ ਮੌਸਮ ਵਿੱਚ ਦਰੱਖਤ ਲਾ ਕੇ ਅਸੀਂ ਆਪਣਾ ਅਤੇ ਮਨੁੱਖਤਾ ਦਾ ਭਲਾ ਕਰ ਸਕਦੇ ਹਾਂ। ਦਰੱਖਤ ਸਾਨੂੰ ਆਕਸੀਜਨ ਦੇ ਕੇ (ਜੋ ਸਾਡੀ ਲੋੜ ਹੈ) ਸਾਡੇ ਸਰੀਰ ਵਿੱਚੋਂ ਨਿਕਲੀ ਕਾਰਬਨ ਡਾਈਆਕਸਾਈਡ ($CO_2$) ਲੈਂਦੇ

ਹਨ ਜੋ ਦਰੱਖਤਾਂ ਨੂੰ ਲੋੜੀਂਦੀ ਹੈ। ਇਸ ਨਾਤੇ ਵੀ ਦਰੱਖਤ ਸਾਡੇ ਦੋਸਤ ਹਨ। ਸਾਨੂੰ ਵੱਧ ਤੋਂ ਵੱਧ ਦਰੱਖਤ ਲਾਉਣੇ ਚਾਹੀਦੇ ਹਨ। ਇਸ ਤਰ੍ਹਾਂ ਕਰਨ ਨਾਲ ਧਰਤੀ ਦੀ ਸ਼ੋਭਾ ਵਿੱਚ ਵਾਧਾ ਹੁੰਦਾ ਹੈ ਅਤੇ ਧਰਤੀ ਮਜ਼ਬੂਤ ਬਣਦੀ ਹੈ। ਹੋਰ ਜਿਥੇ ਕਿਤੇ ਵੀ ਖਾਲੀ ਥਾਂ ਹੋਵੇ ਉਸ ਵਿੱਚ ਹਰਿਆਵਲ ਭਰਨ ਲਈ, ਘਾਹ ਜਾਂ ਬੂਟੇ ਲਗਾ ਸਕਦੇ ਹਾਂ। ਬਹੁਤ ਸਾਰੀਆਂ ਐਸੀਆਂ ਥਾਵਾਂ ਹਨ ਜਿਥੇ ਪੱਕੀ ਮਿੱਟੀ ਅਤੇ ਪੱਥਰ, ਰੋੜੇ ਦਿੱਸਦੇ ਹਨ। ਇਹਨਾਂ ਥਾਵਾਂ ਵੱਲ ਖਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਰੁੱਖਾਂ ਦੇ ਹੋਣ ਨਾਲ ਪ੍ਰਦੂਸ਼ਣ ਵੀ ਬਹੁਤ ਘੱਟਦਾ ਹੈ। ਰੁੱਖ ਪ੍ਰਦੂਸ਼ਣ ਨੂੰ ਜਜ਼ਬ ਕਰਦੇ ਹਨ। ਕਿਸੇ ਨੇ ਬਹੁਤ ਸੋਹਣਾ ਆਖਿਆ ਹੈ ਕਿ ਬਨਸਪਤੀ ਧਰਤੀ ਦੇ ਉੱਪਰ ਕੇਸ ਹਨ। ਧਰਤੀ ਦੀ ਸ਼ੋਭਾ ਨੂੰ ਬਰਕਰਾਰ ਰੱਖਣ ਵਾਸਤੇ ਸਾਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਆਸਾਮ ਗਏ ਤਾਂ ਰਸਤੇ ਵਿੱਚ ਰੁੱਖ ਲਗਾਉਂਦੇ ਗਏ ਸੀ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਫੁੱਲਾਂ, ਬੂਟਿਆਂ ਨਾਲ ਬੜਾ ਹੀ ਪਿਆਰ ਸੀ। ਦਸਮ ਪਾਤਸ਼ਾਹ ਜੀ ਨੇ ਪਾਉਂਟਾ ਸਾਹਿਬ ਦੀ ਧਰਤੀ ਨੂੰ ਭਾਗ ਲਾਏ ਹਨ। ਇਹ ਬੜਾ ਸੁੰਦਰ ਅਸਥਾਨ ਸੀ ਤੇ ਹੈ। ਸੁੰਦਰਤਾ ਦੀਆਂ ਝਲਕਾਂ ਮਿਲਦੀਆਂ ਹਨ। ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਨੇ ਬੜਾ ਸੁੰਦਰ ਬਾਗ ਬਣਾਇਆ ਹੋਇਆ ਸੀ।

ਗੋਰੇ ਲੋਕ (ਅਮਰੀਕਾ, ਕਨੇਡਾ, ਇੰਗਲੈਂਡ ਆਦਿ ਦੇ ਵਾਸੀ) ਬੂਟਿਆਂ ਨਾਲ ਖਾਸ ਪਿਆਰ ਕਰਦੇ ਹਨ। ਆਪਣੇ ਹੱਥੀਂ ਇਹਨਾਂ ਦੀ ਦੇਖ-ਭਾਲ ਕਰਕੇ ਖੁਸ਼ ਹੁੰਦੇ ਹਨ। ਉਹਨਾਂ ਦੇ ਘਰਾਂ ਦੇ ਬਾਗ ਹਰੇ ਭਰੇ ਦੇਖੇ ਜਾ ਸਕਦੇ ਹਨ। ਬਨਸਪਤੀ ਉਹਨਾਂ ਦੇ ਘਰਾਂ ਦਾ ਸ਼ਿੰਗਾਰ ਹੈ।

ਹੁਣ ਵੇਖਣ ਵਿੱਚ ਆ ਰਿਹਾ ਹੈ ਕਿ ਸਾਡੇ ਕਈ ਵੱਡੇ ਸ਼ਹਿਰਾਂ ਵਿੱਚ ਵੀ ਬਹੁਤ ਰੁੱਖ, ਬੂਟੇ ਲੱਗ ਰਹੇ ਹਨ। ਲੋਕਾਂ ਦੀ ਰੁਚੀ ਇਸ ਪਾਸੇ ਵੱਧ ਰਹੀ ਹੈ। ਪਰ ਅਜੇ ਵੀ ਰੁੱਖਾਂ ਦੀ ਬੜੀ ਘਾਟ ਹੈ।

ਪਾਣੀ- ਪਾਣੀ ਦਾ ਸੰਬੰਧ ਧਰਤੀ ਨਾਲ ਹੈ। ਜੇ ਧਰਤੀ ਤੇ ਦਰੱਖਤ ਹੋਣਗੇ ਤਾਂ ਮੀਂਹ ਠੀਕ ਪੈਣਗੇ ਧਰਤੀ ਵਿੱਚ ਪਾਣੀ ਦੀ ਸਤਰ ਵੀ ਠੀਕ ਰਹੇਗੀ।

ਪਾਣੀ ਵਿੱਚ ਗੰਦਗੀ ਨਹੀਂ ਸੁੱਟਣੀ ਚਾਹੀਦੀ। ਘਰਾਂ ਜਾਂ ਕਾਰਖਾਨਿਆਂ ਦਾ ਗੰਦ ਦਰਿਆਵਾਂ, ਨਹਿਰਾਂ ਵਿੱਚ ਨਹੀਂ ਜਾਣਾ ਚਾਹੀਦਾ। ਰਸਾਇਣਕ ਤੱਤਾਂ ਨੂੰ ਦਰਿਆਵਾਂ, ਨਦੀਆਂ ਵਿੱਚ ਬਿਲਕੁਲ ਨਹੀਂ ਸੁੱਟਣਾ ਚਾਹੀਦਾ। ਕਾਰਖਾਨਿਆਂ ਵਿਚੋਂ ਨਿਕਲੇ ਪ੍ਰਦੂਸ਼ਣ ਤੱਤਾਂ ਅਤੇ ਪਾਣੀ ਨੂੰ ਨਦੀ, ਨਾਲਿਆਂ ਵਿੱਚ ਸੁਟਣ ਤੋਂ ਪਹਿਲਾਂ, ਇਹਨਾਂ ਨੂੰ ਰਸਾਇਣਕ ਕਿਰਿਆ ਦੁਆਰਾ 'ਅਣ-ਪ੍ਰਦੂਸ਼ਤ' ਬਣਾ ਦੇਣਾ ਚਾਹੀਦਾ ਹੈ।

ਹੜ੍ਹਾਂ ਦੀ ਰੋਕ-ਥਾਮ ਵਾਸਤੇ ਵੀ ਰੁੱਖ ਲਗਾਉਣੇ ਚਾਹੀਦੇ ਹਨ। ਜਿਥੇ ਰੁੱਖ ਵਧੇਰੇ ਹੋਣਗੇ ਉਥੇ ਧਰਤੀ ਦਾ ਭੁਰਨਾ ਘੱਟ ਜਾਂਦਾ ਹੈ ਅਤੇ ਹੜ੍ਹਾਂ ਦਾ ਆਉਣਾ ਵੀ ਥੰਮ ਜਾਂਦਾ ਹੈ।

ਹਰ ਮਨੁੱਖ ਦਾ ਫਰਜ਼ ਹੈ ਕਿ ਉਹ ਹਰ ਦੂਸਰੇ ਮਨੁੱਖ ਦੇ ਹੱਕਾਂ ਨੂੰ ਸਮਝੇ ਅਤੇ ਇੱਕ ਦੂਸਰੇ ਦੀ ਸਹਾਇਤਾ ਕਰੇ। Dr. Paul R. Ehrlich ਨਾਲ ਸਾਰੇ ਸਹਿਮਤ ਹੁੰਦੇ ਹਨ ਕਿ

- ਹਰ ਮਨੁੱਖ ਨੂੰ ਸਵਛ ਭੋਜਨ ਖਾਣ ਦਾ ਹੱਕ ਹੈ।
- ਹਰ ਮਨੁੱਖ ਨੂੰ ਸਾਫ ਪਾਣੀ ਪੀਣ ਦਾ ਹੱਕ ਹੈ।
- ਹਰ ਮਨੁੱਖ ਨੂੰ ਸਾਫ ਸੁਥਰੀ ਹਵਾ ਵਿੱਚ ਸਾਹ ਲੈਣ ਦਾ ਹੱਕ ਹੈ।
- ਹਰ ਮਨੁੱਖ ਨੂੰ ਭੀੜਾਂ ਤੋਂ ਉਹਲੇ, ਸਾਫ ਸੁਥਰੀ ਜਗ੍ਹਾ ਵਿਚ ਆਪਣੇ ਘਰ ਵਿੱਚ ਸੁੱਖੀ ਰਹਿਣ ਦਾ ਹੱਕ ਹੈ।
- ਹਰ ਮਨੁੱਖ ਨੂੰ ਕਾਦਰ ਦੀ ਸੋਹਣੀ ਕੁਦਰਤ ਨੂੰ ਦੇਖ ਕੇ ਉਸ ਨੂੰ ਮਾਨਣ ਦਾ ਹੱਕ ਹੈ।
- ਹਰ ਮਨੁੱਖ ਨੂੰ ਪੈਸਟੀਸਾਈਡਜ਼ ਤੇ ਕੀੜੇ ਮਾਰ ਦਵਾਈਆਂ ਤੋਂ ਸੁਤੰਤਰ ਹੋਣ ਦਾ ਹੱਕ ਹੈ।
- ਹਰ ਮਨੁੱਖ ਨੂੰ ਪਰਮਾਣੂ ਜੰਗਾਂ ਤੋਂ ਆਜ਼ਾਦ ਰਹਿਣ ਦਾ ਹੱਕ ਹੈ।
- ਹਰ ਮਨੁੱਖ ਨੂੰ ਆਪਣੇ ਪਰਿਵਾਰ ਨੂੰ ਸੁਰੱਖਿਅਤ ਤੇ ਸੁਖੀ ਦੇਖਣ ਦਾ ਹੱਕ ਹੈ।

  ਅਤੇ
- ਹਰ ਮਨੁੱਖ ਨੂੰ ਤੀਜੀ ਪੀੜ੍ਹੀ ਦੇ ਬੱਚਿਆਂ ਦੀ ਖੁਸ਼ੀ ਦੇਖਣ ਦਾ ਵੀ ਹੱਕ ਹੈ।

ਇਹ ਸਭ ਹੱਕ ਸਾਂਝੀ ਮਿਲਵਰਤਣ ਨਾਲ ਦੇ ਪ੍ਰਦੂਸ਼ਨ ਦੂਰ ਕਰਨ ਨਾਲ ਹੀ ਪ੍ਰਾਪਤ ਹੋ ਸਕਦੇ ਹਨ।

ਸੋ ਆਓ, ਪ੍ਰਦੂਸ਼ਣ ਤੋਂ ਬੱਚਣ ਲਈ ਧਰਤੀ, ਹਵਾ ਤੇ ਪਾਣੀ ਦੀ ਸਵੱਛਤਾ ਨੂੰ ਕਾਇਮ ਰੱਖੀਏ ਅਤੇ ਧਰਤੀ ਦੇ "ਮਾਤਾ ਧਰਤਿ ਮਹਤੁ" ਵਾਲੇ ਦਰਜੇ ਨੂੰ ਪਛਾਣੀਏ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ

*ਅਨੁ ਧਨੁ ਬਹੁਤ ਉਪਜੈ ਧਰਤੀ ਸੋਭਾ ਪਾਇ ॥੫॥*

(ਸਲੋਕ ਵਾਰਾਂ ਤੋਂ ਵਧੀਕ)

# ਸਾਡੇ ਕੀਰਤਨੀਏ

**ਭਾਈ ਅਵਤਾਰ ਸਿੰਘ ਹੰਸ**

ਗੁਰਬਾਣੀ ਕੀਰਤਨ ਅਕੈਡਮੀ
ਗੁ. ਸੰਤਸਰ, ਪਟਿਆਲਾ ਗੇਟ, ਸੰਗਰੂਰ

**ਪੁਰਾਤਨ ਕੀਰਤਨੀਏ -**

**ਭਾਈ ਤਰਲੋਚਨ ਸਿੰਘ ਜੀ :**

ਭਾਈ ਸਾਹਿਬ ਭਾਈ ਤਰਲੋਚਨ ਸਿੰਘ ਜੀ ਵਿਸ਼ਵ ਪ੍ਰਸਿੱਧ ਮਹਾਨ ਕੀਰਤਨੀਏ ਹਨ। ਆਪ ਜੀ ਵਲੋਂ ਗਾਇਨ ਕੀਤੇ ਸ਼ਬਦ ਸਾਰੇ ਰਾਗੀ ਸਿੰਘ ਅਤੇ ਬੱਚੇ ਬੱਚੀਆਂ ਬੜੇ ਪਿਆਰ ਨਾਲ ਪੜ੍ਹਦੇ ਹਨ। ਤਕਰੀਬਨ 60-65 ਸਾਲਾਂ ਤੋਂ ਆਪ ਜੀ ਗੁਰਬਾਣੀ ਕੀਰਤਨ ਰਾਗੀ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।

ਭਾਈ ਤਰਲੋਚਨ ਸਿੰਘ ਜੀ ਦਾ ਜਨਮ ਸੰਨ 1929 ਵਿੱਚ ਸ. ਦਿਆਲ ਸਿੰਘ ਜੀ ਦੇ ਘਰ ਪਿੰਡ ਗਰਾਇਆ ਵਾਲਾ ਨੇੜੇ ਰਾਵਲ ਪਿੰਡੀ ਪਾਕਿਸਤਾਨ ਵਿੱਚ ਹੋਇਆ।

2 ਕੁ. ਸਾਲ ਦੀ ਉਮਰ ਵਿੱਚ ਹੀ ਭਾਈ ਸਾਹਿਬ ਨੇ ਮਾਸਟਰ ਵਰਿਆਮ ਸਿੰਘ ਜੀ ਗੁਜਰਾਂਵਾਲਿਆਂ ਪਾਸੋਂ ਸੰਗੀਤ, ਕੀਰਤਨ ਦੀ ਤਾਲੀਮ ਲੈਣੀ ਆਰੰਭ ਕੀਤੀ। ਕਈ ਸਾਲ ਸਿੱਖਿਆ ਪ੍ਰਾਪਤ ਕੀਤੀ।

1942 ਵਿੱਚ ਭਾਈ ਸਾਹਿਬ ਜੀ ਆਪਣਾ ਜਥਾ ਬਣਾ ਕੇ ਕੀਰਤਨ ਕਰਨਾ ਆਰੰਭ ਕੀਤਾ।

1953 ਤੱਕ ਗੁਜਰਾਂਵਾਲਾ ਵਿਖੇ ਕੀਰਤਨ ਸੇਵਾ ਨਿਭਾਉਂਦੇ ਰਹੇ।

ਪਾਕਿਸਤਾਨ ਬਣਨ ਪਿਛੋਂ ਆਪ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੁਝ ਸਮਾਂ ਰਹੇ।

ਫਿਰ ਆਪ ਜੀ ਦਿੱਲੀ ਚਲੇ ਗਏ ਤੇ ਉਥੇ ਹੀ ਪਰਵਾਰ ਸਮੇਤ ਪੱਕੇ ਤੌਰ ਤੇ ਰਹਿਣ ਲੱਗ ਪਏ।

1955 ਤੋਂ ਹੁਣ ਤੱਕ ਭਾਈ ਸਾਹਿਬ ਜੀ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਦਿੱਲੀ ਦੇ ਪ੍ਰਸਿੱਧ ਗੁਰਦੁਆਰਾ ਸਾਹਿਬਾਨਾਂ ਵਿੱਚ ਕੀਰਤਨ ਸੇਵਾ ਨਿਭਾਉਂਦੇ ਆ ਰਹੇ ਹਨ।

ਦਿੱਲੀ, ਪੰਜਾਬ ਵਿਚ ਹੋਏ ਇਤਿਹਾਸਕ ਕੀਰਤਨ ਦਰਬਾਰਾਂ ਵਿੱਚ ਆਪ ਜੀ ਨੇ ਹਾਜਰੀ ਭਰੀ।

ਚੀਫ ਖਾਲਸਾ ਦੀਵਾਨ ਦੀਆਂ ਕਾਨਫਰੰਸਾਂ ਵਿੱਚ ਵੀ ਆਪ ਜੀ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਆਪ ਜੀ ਦੇ ਕੀਰਤਨ ਵਿੱਚ ਬਹੁਤ ਰਸ ਹੈ। ਗੁਰੂ ਦੀ ਅਪਾਰ ਕ੍ਰਿਪਾ ਹੈ।

ਐਚ. ਐਮ. ਵੀ. ਕੰਪਨੀ ਵੱਲੋਂ ਆਪ ਜੀ ਦੀ ਮਧੁਰ ਅਵਾਜ਼ ਵਿਚ ਸ੍ਰੀ ਜਪੁਜੀ ਸਾਹਿਬ, ਰਹਿਰਾਸ ਸਾਹਿਬ ਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਰਿਕਾਰਡ ਅਤੇ ਕੈਸਟ ਤਿਆਰ ਕੀਤੇ ਜੋ ਕਿ ਘਰ ਘਰ ਪਿੰਡਾਂ ਦੇ ਗੁਰਦੁਆਰਾ ਸਾਹਿਬਾਨਾਂ ਵਿੱਚ ਅੱਜ ਵੀ ਵੱਜਦੇ ਹਨ।

ਐਚ. ਐਮ. ਵੀ. ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾਂ ਅਵਤਾਰ ਦਿਵਸ, ਸ੍ਰੀ ਗੁਰੂ ਅਮਰਦਾਸ ਜੀ ਦੇ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 300 ਸਾਲਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਥਾਪਨਾ ਦਿਵਸ ਤੇ ਆਪ ਜੀ ਦੀ ਮਧੁਰ ਆਵਾਜ਼ ਵਿੱਚ ਰਿਕਾਰਡ ਤਿਆਰ ਕੀਤੇ। ਜੋ ਬੜੇ ਪਾਪੂਲਰ ਹੋਏ।

ਭਾਈ ਤਰਲੋਚਨ ਸਿੰਘ ਹੁਰਾਂ ਦੇ ਗਾਇਨ ਕੀਤੇ ਸ਼ਬਦ ਜੈਸੇ-

*ਸਾਸ ਸਾਸ ਸਿਮਰਉ ਗੋਬਿੰਦ,*
*ਕਰਿ ਕ੍ਰਿਪਾ ਪ੍ਰਭ ਦੀਨ ਦਇਆਲਾ,*
*ਬਾਬਾ ਮਾਇਆ ਸਾਥ ਨ ਹੋਇ॥*

ਆਦਿ ਸ਼ਬਦ_ਬਹੁਤ ਹੀ ਮਸ਼ਹੂਰ ਹੋਏ। ਹਰ ਰਾਗੀ ਤੇ ਕੀਰਤਨ ਪ੍ਰੇਮੀ ਦੀ ਜੁਬਾਨ ਤੇ ਹਨ, ਬੜੇ ਪਿਆਰ ਨਾਲ ਗਾਇਨ ਕਰਦੇ ਹਨ।

ਅੰਮ੍ਰਿਤਬਾਣੀ, ਸਰਬਸਾਂਝੀ ਗੁਰਬਾਣੀ (ਟੈਕਸਲਾ) ਟੀ ਸੀਰੀਜ਼, ਐਚ. ਐਮ. ਵੀ. ਕੈਸਟ ਕੰਪਨੀਆਂ ਨੇ ਆਪ ਜੀ ਦੀ ਆਵਾਜ਼ ਵਿੱਚ ਬੇਅੰਤ ਕੈਸਟ, ਸੀ ਡੀਜ਼ ਤਿਆਰ ਕੀਤੇ ਹੋਣੇ ਉਪਲਭਦ ਹਨ।

ਅੱਜ ਕੱਲ ਅਲਫਾ ਟੀ. ਵੀ. ਚੈਨਲ ਲਿਸ਼ਕਾਰਾ ਵੱਲੋਂ ਦਿੱਲੀ ਤੋਂ ਕੀਰਤਨ ਪ੍ਰਸਾਰਤ ਹੁੰਦਾ ਰਹਿੰਦਾ ਹੈ। ਅਰਦਾਸ ਕਰਦੇ ਹਾਂ ਸਤਿਗੁਰੂ ਜੀ ਕ੍ਰਿਪਾ ਕਰਨ ਆਪ ਜੀ ਇਸੇ ਤਰ੍ਹਾਂ ਸੰਗਤਾਂ ਨੂੰ ਰਸਭਿੰਨੇ ਕੀਰਤਨ ਰਾਹੀਂ ਨਿਹਾਲ ਕਰਦੇ ਰਹਿਣ। ਸੰਗਤਾਂ ਨੂੰ ਗੁਰੂ ਨਾਲ ਜੋੜਦੇ ਰਹਿਣ।

**ਰੀਤਾਂ ਦੇ ਬਾਦਸ਼ਾਹ -**

**ਭਾਈ ਅੰਗਦ ਸਿੰਘ ਜੀ (ਦਿੱਲੀ ਵਾਲੇ) :**

ਭਾਈ ਸਾਹਿਬ ਭਾਈ ਅੰਗਦ ਸਿੰਘ ਜੀ ਪੰਥ ਦੇ

ਮਹਾਨ ਕੀਰਤਨੀਏ ਹਨ। ਜੋ ਤਕਰੀਬਨ 60 ਸਾਲਾਂ ਤੋਂ ਸੰਗਤਾਂ ਨੂੰ ਕੀਰਤਨ ਸੁਣਾ ਕੇ ਨਿਹਾਲ ਕਰਦੇ ਆ ਰਹੇ ਹਨ। ਭਾਈ ਸਾਹਿਬ ਜੀ ਦਾ ਜਨਮ 1931 ਵਿਚ ਮਾਤਾ ਰਤਨ ਕੌਰ ਦੀ ਕੁਖੋਂ ਸ. ਗੁਲਾਬ ਸਿੰਘ ਜੀ ਦੇ ਘਰ ਗੁਜਰਾਂਵਾਲਾ ਵਿਖੇ ਹੋਇਆ।

1941 ਵਿੱਚ ਆਪ ਜੀ ਨੇ ਭਾਈ ਸਾਹਿਬ ਭਾਈ ਸੁੰਦਰ ਸਿੰਘ ਜੀ ਪਾਸੋਂ ਗੁਰਮਤਿ ਤੇ ਸੰਗੀਤਕ ਵਿਦਿਆ ਲੈਣੀ ਸ਼ੁਰੂ ਕੀਤੀ ਫਿਰ ਆਪ ਜੀ ਪ੍ਰੋ. ਰਤਨ ਸਿੰਘ ਜੀ ਅਤੇ ਭਾਈ ਸੰਤਾ ਸਿੰਘ ਜੀ ਪਾਸੋਂ ਵੀ ਸੰਗੀਤ ਵਿਦਿਆ ਦੀ ਤਾਲੀਮ ਲੈਂਦੇ ਰਹੇ। ਛੋਟੀ ਉਮਰ ਵਿਚ ਹੀ ਆਪ ਰਸਭਿੰਨਾ ਕੀਰਤਨ ਕਰਨ ਲੱਗ ਪਏ ਸਨ। ਇਹਨਾਂ ਦੇ ਛੋਟੇ ਭਰਾਤਾ ਭਾਈ ਭਗਵੰਤ ਸਿੰਘ ਜੀ ਤਕਰੀਬਨ 35 ਸਾਲ ਇਹਨਾਂ ਨਾਲ ਸਾਇਡ ਤੇ ਕੀਰਤਨ ਵਿੱਚ ਸਾਥ ਦਿੰਦੇ ਰਹੇ। ਭਾਈ ਭਗਵੰਤ ਸਿੰਘ ਜੀ ਅੱਜਕਲ ਪ੍ਰਸਿੱਧ ਰਾਗੀ ਹਨ। ਇੰਗਲੈਂਡ ਵਿੱਚ ਰਹਿ ਰਹੇ ਹਨ।

ਭਾਈ ਅੰਗਦ ਸਿੰਘ ਜੀ ਨੇ 10 ਸਾਲ ਦੇ ਲਗਭਗ ਦਿੱਲੀ ਦੇ ਇਤਹਾਸਕ ਗੁਰਦੁਆਰਾ ਸਾਹਿਬਾਨਾਂ ਵਿੱਚ ਕੀਰਤਨ ਸੇਵਾ ਨਿਭਾਈ ਹੈ। ਗੁ. ਸੀਸ ਗੰਜ ਸਾਹਿਬ ਕਾਫੀ ਸਮਾਂ ਸੇਵਾ ਕੀਤੀ ਹੈ। ਅਮਰੀਕਾ, ਕਨੇਡਾ, ਇੰਗਲੈਂਡ, ਅਫਰੀਕਾ, ਤਹਿਰਾਨ, ਕਾਬਲ, ਸਿੰਗਾਪੁਰ, ਬੈਕਾਂਕ ਆਦਿ ਦੇਸਾਂ ਵਿੱਚ ਵੀ ਆਪ ਜੀ ਧਰਮ ਪ੍ਰਚਾਰ ਹਿੱਤ ਕੀਰਤਨ ਕਰਨ ਗਏ। ਸੰਗਤਾਂ ਨੇ ਬੇਹੱਦ ਮਾਨ ਸਤਿਕਾਰ ਬਖਸ਼ਿਆ। ਆਪ ਜੀ ਦੇ ਸਪੁੱਤਰ ਭਾਈ ਜਸਵਿੰਦਰ ਸਿੰਘ ਜੀ ਵੀ ਬਹੁਤ ਪਿਆਰਾ ਕੀਰਤਨ ਕਰਦੇ ਹਨ। ਅੱਜਕਲ ਆਪ ਜੀ ਨਾਲ ਕੀਰਤਨ ਵਿਚ ਸਾਥ ਦਿੰਦੇ ਹਨ।

ਭਾਈ ਅੰਗਦ ਸਿੰਘ ਜੀ ਦੀ ਮਧੁਰ ਆਵਾਜ਼ ਵਿਚ ਸ਼ਬਦ ਕੀਰਤਨ ਦੀਆਂ ਕਈ ਕੈਸਟਾਂ ਰਿਕਾਡ ਹੋਈਆਂ ਸ. ਅਮੀਰ ਸਿੰਘ ਜੀ ਸਿੰਗਾਪੁਰ ਵਾਲਿਆਂ ਨੇ ਵੀ ਇਹਨਾਂ ਦੀਆਂ ਕਾਫੀ ਕੈਸਟਾਂ ਤਿਆਰ ਕੀਤੀਆਂ ਹਨ। ਕੀਰਤਨ ਖੇਤਰ ਵਿੱਚ ਭਾਈ ਸਾਹਿਬ ਜੀ ਨੇ ਕਈ ਮਾਨ ਸਨਮਾਨ ਪ੍ਰਾਪਤ ਕੀਤੇ।

1999 ਵਿੱਚ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਵਿਖੇ ਆਪ ਜੀ ਨੂੰ ਗੁਰਮਤਿ ਸੰਗੀਤ ਦੇ ਸੰਭਾਲਕਾਰ ਸ੍ਰੀ ਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ 'ਪੁਰਾਤਨ ਕੀਰਤਨੀਏ' ਦੇ ਤੌਰ ਤੇ ਸਨਮਾਨਿਤ ਕੀਤਾ। ਭਾਈ ਸਾਹਿਬ ਭਾਈ ਅੰਗਦ ਸਿੰਘ ਜੀ ਦੇ ਕੀਰਤਨ ਵਿੱਚ ਅਲੌਕਿਕ ਰਸ ਹੈ। ਸਿਆਣੇ ਵਿਦਵਾਨ ਕੀਰਤਨੀਏ ਹਨ। ਆਪ ਜੀ ਸ਼ਬਦਾਂ ਦੀਆਂ ਗੀਤਾਂ ਬਹੁਤ ਹੀ ਸੁੰਦਰ ਤਿਆਰ ਕਰਦੇ ਹਨ। ਬਹੁਤ ਸਾਰੇ ਪ੍ਰਸਿੱਧ ਰਾਗੀ ਆਪ ਜੀ ਦੀਆਂ ਗੀਤਾਂ ਗਾਇਨ ਕਰਦੇ ਹਨ।

ਇਸੇ ਕਰਕੇ ਸਾਰੇ ਰਾਗੀ ਸਿੰਘ ਆਪ ਜੀ ਨੂੰ ਗੀਤਾਂ ਦੇ ਬਾਦਸ਼ਾਹ ਕਹਿ ਕੇ ਮਾਣ ਦਿੰਦੇ ਹਨ। ਅੱਜਕਲ ਭਾਈ ਸਾਹਿਬ ਜੀ ਚਾਂਦ ਨਗਰ ਦਿੱਲੀ ਵਿਖੇ ਰਹਿੰਦੇ ਹਨ।

**ਹਰਮਨ ਪਿਆਰੇ ਕੀਰਤਨੀਏ -**

**ਭਾਈ ਰਾਜਿੰਦਰ ਸਿੰਘ ਜੀ ਸਿੰਗਾਪੁਰੀ :**

ਭਾਈ ਸਾਹਿਬ ਭਾਈ ਰਾਜਿੰਦਰ ਸਿੰਘ ਜੀ, ਗੁਰੂ ਦਰੋਂ ਵਰੋਸਾਏ ਮਹਾਨ ਕੀਰਤਨੀਏ ਹੋਏ ਸਨ। ਧੁਰੋਂ ਮਿਲਿਆ ਸੁਰੀਲਾ ਗਲਾ, ਸੁਹਜ ਭਰਪੂਰ ਮਧੁਰ ਧੁਨਾਂ ਵਿੱਚ ਬੇਹੱਦ ਰਸਭਿੰਨਾ ਕੀਰਤਨ ਹਰਮੋਨੀਅਮ ਵਜਾਉਣ ਵਿੱਚ ਕਲਾਤਮਕ ਨਿਪੁੰਨਤਾ, ਇਹ ਆਪ ਜੀ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਸਨ। ਭਾਈ ਰਾਜਿੰਦਰ ਸਿੰਘ ਜੀ ਦਾ ਜਨਮ ਨਾਮਬਾਣੀ ਦੇ ਰਸੀਏ ਭਾਈ ਮਸਤਾਨ ਸਿੰਘ ਜੀ ਦੇ ਗ੍ਰਹਿ ਜਗਾਧਾਰੀ ਵਿਖੇ ਹੋਇਆ। ਇਹਨਾਂ ਦਾ ਸਾਰਾ ਪ੍ਰਵਾਰ ਹੀ ਗੁਰਮਤ ਰੰਗ ਵਿਚ ਰੰਗਿਆ ਹੋਇਆ ਸੀ। ਪਿਤਾ ਭਾਈ ਮਸਤਾਨ ਸਿੰਘ ਜੀ ਅਖੰਡ ਕੀਰਤਨੀ ਜਥੇ ਦੇ ਮੋਢੀ ਭਾਈ ਸਾਹਿਬ, ਭਾਈ ਰਣਧੀਰ ਸਿੰਘ ਜੀ ਦੇ ਜਥੇ ਨਾਲ ਤਬਲੇ ਦੀ ਸੇਵਾ ਕਰਦੇ ਸਨ।

ਅੰਮ੍ਰਿਤ ਕੀਰਤਨ (ਸ਼ਬਦ ਸੰਗ੍ਰਹਿ ਪੋਥੀ) ਤਿਆਰ ਕਰਨ ਦੀ ਮਹਾਨ ਸੇਵਾ ਕਰਨ ਵਾਲੇ ਭਾਈ ਨਹੌਰੀਆ ਸਿੰਘ 'ਕਾਲਕਾ ਜੀ ਵਾਲੇ' ਭਾਈ ਰਜਿੰਦਰ ਸਿੰਘ ਦੇ ਸਤਿਕਾਰਯੋਗ ਤਾਇਆ ਜੀ ਸਨ। ਬਚਪਨ ਵਿੱਚ ਰਜਿੰਦਰ ਸਿੰਘ ਜੀ ਨੂੰ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ ਦੀਦਾਰੇ ਕਰਾਉਣ ਲਈ ਲਿਆਂਦਾ ਗਿਆ। ਭਾਈ ਸਾਹਿਬ ਜੀ ਨੇ ਆਪ ਜੀ ਨੂੰ ਬੇਅੰਤ ਅਸੀਸਾਂ ਦਿੱਤੀਆਂ ਤੇ ਥਾਪੜਾ ਦਿੱਤਾ ਕਿ ਇਹ ਹੋਣਹਾਰ ਬਾਲਕ ਗੁਰੂ ਘਰ ਦਾ ਮਹਾਨ ਕੀਰਤਨੀਆ ਬਣੇਗਾ। ਤੇ ਪ੍ਰਸਿੱਧੀ ਪ੍ਰਾਪਤ ਕਰੇਗਾ। ਭਾਈ ਰਾਜਿੰਦਰ ਸਿੰਘ ਜੀ ਛੋਟੀ ਅਵਸਥਾ ਵਿੱਚ ਹੀ ਰਸਭਿੰਨਾ ਕੀਰਤਨ ਕਰਨ ਲੱਗ ਪਏ ਸਨ। ਗੁਰੂ ਸਾਹਿਬ ਜੀ ਨੇ ਤਰੁਠ ਕੇ ਹੀ ਕੀਰਤਨ ਦੀਆਂ ਦਾਤਾਂ ਇਹਨਾਂ ਦੀ ਝੋਲੀ ਪਾਈਆਂ। ਇਹਨਾਂ ਨੇ ਕਿਸੇ ਚੰਗੇ ਉਸਤਾਦ ਪਾਸੋਂ ਬਿਧੀ ਪੂਰਵਕ ਤਾਲੀਮ ਨਹੀਂ ਪ੍ਰਾਪਤ ਕੀਤੀ। ਗੁਰਕ੍ਰਿਪਾ ਸਦਕਾ ਹੀ ਆਪ ਜੀ ਬਹੁਤ ਹੀ ਰਸਭਿੰਨਾ ਕੀਰਤਨ ਕਰਦੇ ਸਨ। ਨਵੇਂ ਨਵੇਂ ਸ਼ਬਦ ਸੁੰਦਰ ਮਨਮੋਹਕ ਧੁਨਾਂ ਵਿੱਚ ਢੁਕਵੇਂ ਪ੍ਰਮਾਣਾਂ ਸਹਿਤ ਗਾਇਨ ਕਰਦੇ, ਕਿਤੇ ਕਿਤੇ ਸੰਖੇਪ ਭਾਵਪੂਰਨ ਵਿਆਖਿਆ ਵੀ ਕਰਦੇ ਸਨ। ਰਾਗਦਾਰੀ ਦੀ ਆਪ ਜੀ

ਨੂੰ ਚੰਗੀ ਸੋਝੀ ਸੀ। ਕਲਾਸੀਕਲ ਕੀਰਤਨ ਵੀ ਆਪ ਜੀ ਕਮਾਲ ਦਾ ਕਰਦੇ। ਸਰੋਤਿਆਂ ਨੂੰ ਬੰਨ ਕੇ ਬਿਠਾ ਦਿੰਦੇ ਸਨ।

ਕੁਝ ਸਮਾਂ ਆਪ ਗੁ. ਸਿੰਘ ਸਭਾ ਫਰੀਦਾਬਾਦ ਵਿਖੇ ਵੀ ਕੀਰਤਨ ਸੇਵਾ ਕਰਦੇ ਰਹੇ।

ਬੰਬਈ, ਦਿੱਲੀ ਆਦਿ ਪ੍ਰਸਿੱਧ ਸ਼ਹਿਰਾਂ ਵਿੱਚ ਵੀ ਕਾਫੀ ਸਮਾਂ ਸੰਗਤਾਂ ਨੂੰ ਕੀਰਤਨ ਸ੍ਵਣ ਕਰਾਉਂਦੇ ਰਹੇ। ਭਾਈ ਮਹਿੰਦਰਜੀਤ ਸਿੰਘ ਅਤੇ ਭਾਈ ਜਸਬੀਰ ਸਿੰਘ ਜੀ ਆਦਿ ਭਾਈ ਸਾਹਿਬ ਨਾਲ ਸਾਇਡ ਤੇ ਸਾਥ ਦਿੰਦੇ ਰਹੇ। ਅੱਜਕਲ ਇਹ ਵਿਸ਼ਵ ਪ੍ਰਸਿੱਧ ਕੀਰਤਨੀਏ ਹਨ।

ਤਬਲੇ ਤੇ ਸ਼ੁਰੂ ਸ਼ੁਰੂ ਵਿੱਚ ਭਾਈ ਗੁਰਬਚਨ ਸਿੰਘ ਜੀ ਜੋ ਕਿ ਭਾਈ ਹਰਬੰਸ ਸਿੰਘ ਜਗਾਧਾਰੀ ਵਾਲਿਆਂ ਦੇ ਭਾਣਜੇ ਹਨ ਉਹ ਸਨ। ਫਿਰ ਭਾਈ ਸੰਤੋਖ ਸਿੰਘ ਜੀ ਤਬਲੇ ਤੇ ਸੰਗਤ ਕਰਦੇ ਰਹੇ।

ਧਰਮ ਪ੍ਰਚਾਰ ਹਿੱਤ ਆਪ ਵਿਦੇਸ਼ਾਂ ਵਿਚ ਗਏ। ਕਈ ਦੇਸਾਂ ਵਿੱਚ ਕੀਰਤਨ ਪ੍ਰਚਾਰ ਕੀਤਾ। ਫਿਰ ਆਪ ਸਿੰਘਾਪੁਰ ਗਏ ਉਥੇ ਸੰਗਤਾਂ ਆਪ ਜੀ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਈਆਂ। ਬਹੁਤ ਪਿਆਰ ਸਤਿਕਾਰ ਸੰਗਤਾਂ ਨੇ ਆਪ ਜੀ ਬਖ਼ਸ਼ਿਆ।

ਗੁਰਦੁਆਰਾ ਸਾਹਿਬ ਕੰਤੋਗ ਵਿਖੇ ਆਪ ਜੀ ਕੀਰਤਨ ਸੇਵਾ ਨਿਭਾਉਂਦੇ ਰਹੇ। ਹਰ ਰੋਜ਼ ਆਪਜੀ ਨਵੇਂ ਨਵੇਂ ਸ਼ਬਦ ਗਾਇਨ ਕਰਦੇ ਆਪ ਜੀ ਦੇ ਕੀਰਤਨ ਵਿੱਚ ਅਲੌਕਿਕ ਰਸ ਸੀ ਸੰਗਤਾਂ ਮੰਤਰ ਮੁਗਧ ਹੋ ਜਾਂਦੀਆਂ ਸਨ।

ਅੰਤ ਵਾਹਿਗੁਰੂ ਜੀ ਦੇ ਅਟੱਲ ਹੁਕਮ ਅਨੁਸਾਰ ਆਪ ਜੀ 30 ਸਾਲ ਦੀ ਭਰਜੁਆਨ ਅਵਸਥਾ ਵਿੱਚ ਸੰਨ 1987 ਵਿੱਚ ਸਿੰਗਾਪੁਰ ਵਿਖੇ ਹੀ ਪ੍ਰਲੋਕ ਸਿਧਾਰ ਗਏ। ਸੰਗਤਾਂ ਨੂੰ ਸਦੀਵੀ ਵਿਛੋੜਾ ਕੇ ਗਏ।

ਸ. ਅਮੀਰ ਸਿੰਘ ਜੀ ਸਿੰਗਾਪੁਰ ਵਾਲਿਆਂ ਨੇ ਭਾਈ ਸਾਹਿਬ ਜੀ ਦੇ ਮਧੁਰ ਆਵਾਜ਼ ਵਿੱਚ ਸਟੇਜੀ ਕੀਰਤਨ ਪ੍ਰੋਗਰਾਮ ਦੀਆਂ 90 ਦੇ ਕਰੀਬ ਕੈਸਟਾਂ ਤਿਆਰ ਕੀਤੀਆਂ ਹਨ ਜੋ ਭਾਈ ਸਾਹਿਬ ਜੀ ਦੀ ਯਾਦ ਤਾਜ਼ਾ ਕਰਦੀਆਂ ਹਨ।

ਸਿੰਗਾਪੁਰ ਵਿਖੇ ਹੀ ਸੰਗਤਾਂ ਨੇ ਭਾਈ ਸਾਹਿਬ ਦੀਆਂ ਕੁਝ ਸੀ.ਡੀਜ਼ ਵੀ ਤਿਆਰ ਕੀਤੀਆਂ ਹਨ। ਭਾਈ ਸਾਹਿਬ ਰਾਜਿੰਦਰ ਸਿੰਘ ਜੀ ਦੀ ਵਿਲੱਖਣ ਕੀਰਤਨ ਸ਼ੈਲੀ ਦੇ ਸਾਖਸ਼ਾਤ ਦਰਸ਼ਨ- ਭਾਈ ਸਾਹਿਬ, ਭਾਈ ਜਸਬੀਰ ਸਿੰਘ ਜੀ ਪਾਉਂਟਾ ਸਾਹਿਬ ਵਾਲੇ ਅਤੇ ਭਾਈ ਸਾਹਿਬ ਭਾਈ ਮਹਿੰਦਰਜੀਤ ਸਿੰਘ ਜੀ ਦਿੱਲੀ ਵਾਲਿਆਂ ਦੇ ਕੀਰਤਨ ਵਿਚੋਂ ਕੀਤੇ ਜਾ ਸਕਦੇ ਹਨ। ਇਹ ਭਾਈ ਸਾਹਿਬ ਜੀ ਦੀ ਕੀਰਤਨ ਸ਼ੈਲੀ ਦੇ ਵਾਰਸ ਕਹੇ ਜਾ ਸਕਦੇ ਹਨ। ਬਿਲਕੁਲ ਉਹਨਾਂ ਵਾਂਗ ਮਧੁਰ ਕੀਰਤਨ ਕਰਦੇ ਹਨ।

ਤਕਰੀਬਨ ਸਾਰੇ ਹੀ ਰਾਗੀ ਸਿੰਘ ਭਾਈ ਰਾਜਿੰਦਰ ਸਿੰਘ ਦੇ ਕੀਰਤਨ ਤੋਂ ਪ੍ਰਭਾਵਤ ਹਨ। ਉਹਨਾਂ ਦੀਆਂ ਪਿਆਰੀਆਂ ਬੰਦਸ਼ਾਂ ਪਿਆਰ ਨਾਲ ਗਾਉਂਦੇ ਹਨ।

ਭਾਈ ਸਾਹਿਬ ਦਾ ਸਾਰਾ ਪ੍ਰਵਾਰ ਬੇਟੇ ਕਾਕਾ ਮਹਿੰਦਰ ਪਾਲ ਸਿੰਘ ਸੋਨੂ ਜੀ, ਮੋਨੂ ਜੀ ਅੱਜਕਲ ਦਿੱਲੀ ਵਿਖੇ ਰਹਿੰਦੇ ਹਨ। ਇਹਨਾਂ ਦੇ ਦੇਖਭਾਲ ਪ੍ਰਵਰਿਸ਼ ਸਿੰਗਾਪੁਰ ਦੀਆਂ ਸੰਗਤਾਂ ਵਲੋਂ ਹੁੰਦੀ ਹੈ।

ਭਾਈ ਸਾਹਿਬ ਭਾਈ ਰਾਜਿੰਦਰ ਸਿੰਘ ਜੀ ਸਾਰੇ ਰਾਗੀ ਸਿੰਘਾਂ ਦੇ ਅਤੇ ਕੀਰਤਨ ਪ੍ਰੇਮੀ ਸੰਗਤਾਂ ਦੇ ਮਨ ਪਸੰਦ ਕੀਰਤਨੀਏ ਹਨ। ਭਾਈ ਸਾਹਿਬ ਜੀ ਦੀ ਕੈਸਟਾਂ ਸੁਣ ਸੰਗਤਾਂ ਅਨੰਦ ਮਾਣਦੀਆਂ ਹਨ ਤੇ ਉਹਨਾਂ ਨੂੰ ਯਾਦ ਕਰਦੀਆਂ ਹਨ।

# ਕੁੱਲੀ ਧਰਮਸਾਲ ਬਣ ਚਮਕੀ

ਮਨਮੋਹਨ ਸਿੰਘ ਦਾਊਂ
280, ਫੇਜ਼ 6, ਮੁਹਾਲੀ

ਪ੍ਰਥਮ ਉਦਾਸੀ
ਬਾਬਾ ਤੁਰਿਆ
ਬੋਲਿਆ....
ਚੱਲ ਮਰਦਾਨਿਆਂ ਐਮਨਾਬਾਦ।

ਦਰ ਖੜਕਾਇਆ
ਬੂਹਾ ਖੁੱਲ੍ਹਿਆ
ਬੂਹੇ ਤੇ ਚਾਨਣ ਮੁਸਕਰਾਇਆ।

ਤੱਕ ਕੇ ਲਾਲੋ
ਲਾਲ ਹੋ ਖਿੜਿਆ
ਸ਼ੁਕਰ ਮਨਾਇਆ
ਸੀਸ ਝੁਕਾਇਆ
ਨਾਨਕ ਹੁਰਾਂ ਨੂਰ ਵਰਸਾਇਆ।
ਕਾਠ ਦੇ ਕੀਲੇ ਘੜਦੇ ਹੱਥਾਂ
ਪ੍ਰਭ ਪਛਾਤਾ
ਰਹਿਮਤ ਹੋਈ
ਨਾਨਕ ਦੀ ਛੁਹ ਲੈ ਕੇ
ਲਾਲੋ ਕਿਰਤੀ
ਸੱਚਾ ਸਾਧ ਸੰਤੋਖੀ ਸਜਿਆ।
ਕੁੱਲੀ ਜਗਮਗ ਹੋਈ
ਸ਼ੋਭਾ ਖੱਟੀ ਧਰਮ ਕਮਾਇਆ
ਜਸ ਵਧਾਇਆ।

ਸ਼ਬਦ ਸੁਣਨ ਨੂੰ
ਸੰਗਤ ਜੁੜਦੀ
ਗੋਸ਼ਟ ਹੁੰਦੀ
ਸੁੱਚੀ ਕਿਰਤ ਦੀ ਮਹਿਮਾ ਹੁੰਦੀ
ਦੁੱਧ ਦੀ ਕਿਰਤ
ਲਹੂ ਦੀ ਖੱਟੀ
ਪਰਖੀ ਜਾਂਦੀ।

ਚਾਨਣ ਨੇ ਲਾਲੋ ਦੀ
ਕਾਇਆ ਪੋਖੀ
ਭਾਗੋ ਮਲਕ
ਸੁਧਾਇਆ ਦੋਖੀ।

ਨਾਨਕ ਬਾਣੀ ਬੁੱਕਲ ਲੈ ਕੇ
ਧਰਮਸਾਲ ਬਣ ਕੁੱਲੀ ਚਮਕੀ।

# ਪਾਰਦਰਸ਼ਕ - ਦੂਰ ਦ੍ਰਿਸ਼ਟੀ

ਡਾ. ਜਸਬੀਰ ਸਿੰਘ ਸਰਨਾ
ਨੇੜੇ ਸੁਪਰ ਬਜਾਰ, ਬਾਰਮੂਲਾ, ਕਸ਼ਮੀਰ

ਬ੍ਰਹਿਮੰਡ ਦੀ ਕਿਤਾਬ 'ਚ
ਸੱਚ ਦੀਆਂ ਲੱਭਤਾਂ
ਰੂਹਾਨੀ ਵਰਕਿਆਂ ਵਾਂਗ
ਪਰਤ-ਦਰ-ਪਰਤ ਖੁੱਲ੍ਹਦੀਆਂ
ਪਾਰਦਰਸ਼ੀ ਹੋ ਮੌਲਦੀਆਂ
ਇੱਕ ਚਾਨਣ ਦੀ ਕਾਤਰ
ਸੂਖਮ ਨੀਝ ਵਾਂਗ ਖਿਲਾਅ 'ਚ ਉੱਡਦੀ
ਹੁਕਮ ਤੇ ਹਰਕਤ ਵਿੱਚ ਬੱਝੀ
'ਅਮਲ' ਦਾ ਐਲਾਨ ਕਰਦੀ ਹੈ।
ਭੈਅ ਵਿੱਚ ਖਿੱਚੀ ਜਾ ਰਹੀ ਏ
ਧਰਤ, ਸੂਰਜ ਤੇ ਚੰਦਰਮਾ
ਵਿਸਮਾਦ ਦੀ ਸਮਾਧੀ ਚ ਲੀਨ
ਲੱਖਾਂ ਗਲੈਕਸੀਜ਼ ਜਾਂ ਨੇਬੂਲਾਟਿ
ਕਰੋੜਾਂ ਸੂਰਜ, ਸਿਤਾਰੇ ਤੇ ਧਰਤੀਆਂ
ਅਖੁੱਟ ਸਦੀਵੀ ਸ਼ਕਤੀ
ਤੇ ਚੇਤੰਨ ਸ਼ਕਤੀਆਂ
ਅਮਲ ਦੇ ਸਿਧਾਂਤ ਨਾਲ ਮੌਲਦੇ
ਪਰ 'ਕਰਤੇ ਕੈ ਕਰਣੈ, ਨਾਹੀਂ ਸੁਮਾਰੁ'
ਇਹ ਸ਼ਕਤੀ ਨਾ ਜਮਾ ਹੁੰਦੀ, ਨਾ ਮਨਫੀ ਹੁੰਦੀ
ਇਕ ਅਸਲਾ ਹੈ ਨਾਸ਼ ਰਹਿਤ, ਥਾਪ ਉਥਾਪ
ਤੇ ਜੋੜ ਤੋੜ ਦੇ ਅਮਲ ਨਾਲ
ਹਰ ਸ਼ੈ ਜਨਮਦੀ ਤੇ ਮਰਦੀ
ਕਾਇਨਾਤ ਦੇ ਕਣ ਕਣ ਅੰਦਰ
ਜੀਵ ਜੰਤੂ, ਕੀੜੇ ਕਿਰਮ ਤੇ ਫੁੱਲ ਪੱਤੇ
ਟੁੱਟਦੇ ਤੇ ਜੁੜਦੇ
ਇੱਕ ਰਗੜ ਹੈ, ਇੱਕ ਟਕਰਾਓ ਹੈ
ਗ੍ਰਹਿਆਂ ਦੀ ਭਾਸ਼ਾ ਬੋਲਦੀ
ਅਣਗਿਣਤ ਸ਼ਕਤੀਆਂ ਉਦੈ ਹੁੰਦੀਆਂ
ਵਿਗਿਆਨ ਦੇ ਪਾਂਧੀ ਜੁਗਾਂ ਜੁਗਾਂਤਰਾਂ ਤੋਂ
ਇਬਾਰਤ ਲੱਭਦੇ ਲੱਭਦੇ ਥੱਕ ਗਏ।

# ਮਰਨ ਲਈ ਬਹੁਤ ਸਮਾਂ ਪਿਆ ਹੈ

ਮੁਹੰਮਦ ਹਜਾਜ਼ੀ
ਪੰਜਾਬੀ ਟ੍ਰਿਬਿਊਨ
ਵਿਚੋਂ ਧੰਨਵਾਦ ਸਹਿਤ

ਕੁਝ ਦਿਨ ਹੋਏ ਇਕ ਮਿੱਤਰ ਮੇਰੇ ਕੋਲ ਆਇਆ। ਚਿਹਰੇ ਤੇ ਪਰੇਸ਼ਾਨੀ ਸਾਫ ਨਜ਼ਰ ਆ ਰਹੀ ਸੀ। ਭਵਾਂ ਤੰਗ, ਨੱਕ ਖਿੱਚੀ, ਗੱਲ੍ਹਾਂ ਅੰਦਰ ਵੜੀਆਂ ਤੇ ਬੁੱਲ੍ਹਾਂ ਦੇ ਕਿਨਾਰੇ ਹੇਠਾਂ ਨੂੰ ਢਿਲਕ ਰਹੇ ਸਨ। ਉਹ ਕੁਰਸੀ ਤੇ ਬਹਿ ਗਿਆ। ਉਸ ਦੀ ਘਬਰਾਹਟ ਨੂੰ ਵੇਖਦਿਆਂ ਮੈਂ ਇਕ ਦਮ ਪੁੱਛਿਆ, ਕੀ ਗੱਲ ਹੈ? ਕਿਹੜੀ ਮੁਸੀਬਤ ਆ ਪਈ ਏ?

ਉਹ ਕੁਝ ਦੇਰ ਚੁਪਚਾਪ ਮੈਨੂੰ ਘੂਰਦਾ ਰਿਹਾ। ਫਿਰ ਕਹਿਣ ਲੱਗਾ, ਮੈਂ ਇਸ ਲਈ ਆਇਆ ਹਾਂ ਕਿ ਤੇਰੇ ਕੋਲ ਆਤਮਹੱਤਿਆ ਕਰਨ ਦਾ ਕੋਈ ਵਧੀਆ ਢੰਗ ਪੁੱਛ ਸਕਾਂ। ਇਹ ਸੁਣ ਕਿ ਮੈਂ ਬਹੁਤ ਹੈਰਾਨ ਹੋਇਆ ਅਤੇ ਉਸ ਤੋਂ ਪੁੱਛਿਆ ਪਹਿਲਾਂ ਇਹ ਦੱਸ ਕਿ ਇਹ ਖਿਆਲ ਤੇਰੇ ਮਨ ਵਿੱਚ ਆਇਆ ਕਿਵੇਂ? ਕਿਉਂਕਿ ਆਤਮਹੱਤਿਆ ਦਾ ਢੰਗ ਲੱਭਣ ਤੋਂ ਪਹਿਲਾਂ ਇਹ ਪਤਾ ਲਾਉਣਾ ਜ਼ਰੂਰੀ ਹੈ ਕਿ ਜੀਵਨ ਤੋਂ ਇੰਨੀ ਨਿਰਾਸ਼ਾ ਅਤੇ ਬੇਜ਼ਾਰੀ ਦਾ ਕਾਰਨ ਕੀ ਹੈ?

ਉਸ ਦੇ ਬੁੱਲ੍ਹ ਆਪਸ ਵਿੱਚ ਜੁੜੇ ਅਤੇ ਉਹਨਾਂ ਬੜੇ ਦੁੱਖ ਨਾਲ ਕਿਹਾ, 'ਮੈਂ ਸੋਚ ਵੀ ਨਹੀਂ ਸਕਦਾ ਕਿ ਤੂੰ ਅਜਿਹੇ ਨਾਜ਼ਕ ਵੇਲੇ ਵੀ ਮਖੌਲ ਕਰੇਂਗਾ। ਮੇਰਾ ਵਿਚਾਰ ਸੀ ਕਿ ਤੇਰੀਆਂ ਨਜ਼ਰਾਂ ਵਿਚ ਮੇਰੀ ਕੋਈ ਅਹਿਮੀਅਤ ਹੈ, ਪਰ ਹੁਣ ਪਤਾ ਲੱਗਾ ਕਿ ਤੂੰ ਮੈਨੂੰ ਬੱਚਾ ਹੀ ਸਮਝਦਾ ਹੈ। ਬੜੇ ਅਫਸੋਸ ਦੀ ਗੱਲ ਹੈ। ਆਖਰ ਬੰਦਾ ਆਪਣੇ ਦੁੱਖ ਕਿਸ ਅੱਗੇ ਫੋਲੇ। ਉਹ ਮਨੁੱਖ ਕਿਥੋਂ ਆਵੇ ਜੋ ਆਪਣੇ ਦੋਸਤ ਨੂੰ ਉਹੀ ਅਹਿਮੀਅਤ ਦੇਵੇ ਜਿਹੜੀ ਉਹ ਆਪਣੇ ਆਪ ਨੂੰ ਦਿੰਦਾ ਹੈ।'

ਅਜੇ ਉਹ ਕੁਝ ਹੋਰ ਕਹਿਣਾ ਚਾਹੁੰਦਾ ਸੀ ਕਿ ਅੱਥਰੂ ਉਸ ਦੀਆਂ ਅੱਖਾਂ ਵਿਚ ਭਰ ਆਏ ਅਤੇ ਆਵਾਜ਼ ਗਲੇ ਵਿਚ ਅਟਕ ਕੇ ਰਹਿ ਗਈ। ਮੈਂ ਵੇਲੇ ਦੀ ਨਜ਼ਾਕਤ ਨੂੰ ਭਾਂਪਦਿਆਂ ਤੁਰੰਤ ਆਪਣੇ ਆਪ ਨੂੰ ਉਦਾਸ ਅਤੇ ਦੁਖੀ ਜਿਹਾ ਬਣਾ ਲਿਆ ਅਤੇ ਕਿਹਾ, 'ਜੇ ਤੇਰਾ ਸਹੀ ਅਰਥਾਂ ਵਿਚ ਕੋਈ ਮਿੱਤਰ ਹੈ ਤਾਂ ਉਹ ਮੈਂ ਤਾਂ ਉਹ ਮੈਂ ਹਾਂ। ਜੇ ਤੇਰੀ ਸਿਆਣਪ ਦਾ ਸਭ ਤੋਂ ਵਧ ਕੋਈ ਕਾਇਲ ਹੈ ਤਾਂ ਉਹ ਵੀ ਮੈਂ ਹੀ ਹਾਂ। ਪਰ ਜਿਹੜਾ ਸੁਆਲ ਤੂੰ ਕੀਤਾ ਹੈ ਉਸ ਦਾ ਉੱਤਰ ਦੇਣਾ ਆਸਾਨ ਨਹੀਂ, ਕਿਉਂਕਿ ਮੈਂ ਆਤਮਹੱਤਿਆ ਦਾ ਅਨੁਭਵ ਕਦੇ ਨਹੀਂ ਕੀਤਾ ਅਤੇ ਨਾ ਇਹ ਜਾਣਦਾ ਹਾਂ ਕਿ ਇਸ ਕੰਮ ਲਈ ਕਿਹੜਾ ਤਰੀਕਾ ਆਸਾਨ ਅਤੇ ਚੰਗਾ ਹੈ। ਅਤੇ ਅਫਸੋਸ ਕੀ ਗੱਲ ਤਾਂ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਆਤਮਹੱਤਿਆ ਕੀਤੀ ਹੈ ਜਾਂ ਕਿਸੇ ਢੰਗ ਨਾਲ ਆਪਣੀ ਜਾਨ ਨੂੰ ਖਤਮ ਕੀਤਾ ਹੈ, ਉਹ ਇਸ ਸੰਸਾਰ ਵਿੱਚ ਮੁੜ ਨਹੀਂ ਆਏ ਜੋ ਆਪਣੇ ਤਜਰਬੇ ਦਾ ਹਾਲ ਸਾਨੂੰ ਦੱਸ ਸਕਦੇ ਅਤੇ ਆਤਮਹੱਤਿਆ ਕਰਨ ਦੇ ਸਮੇਂ ਦੀਆਂ ਆਪਣੀਆਂ ਭਾਵਨਾਵਾਂ ਦਾ ਸਪਸ਼ਟੀਕਰਨ ਕਰ ਸਕਦੇ। ਪਰ ਇੰਨਾ ਜ਼ਰੂਰ ਹੈ ਕਿ ਮੌਤ ਜਿੰਨੀ ਤੇਜ਼ੀ ਨਾਲ ਹੋਵੇਗੀ, ਓਨੀ ਹੀ ਵਧੀਆ ਹੋਵੇਗੀ। ਇਸ ਪੱਖੋਂ ਸ਼ਾਇਦ ਸਭ ਤੋਂ ਸੌਖਾ ਢੰਗ ਇਹ ਹੈ ਕਿ ਆਪਣੇ ਆਪ ਨੂੰ ਗੋਲੀ ਮਾਰ ਲਈ ਜਾਵੇ ਪਰ ਸ਼ਰਤ ਇਹ ਹੈ ਕਿ ਗੋਲੀ ਠੀਕ ਦਿਮਾਗ ਜਾਂ ਦਿਲ ਵਿਚ ਲੱਗੇ, ਕਿਉਂਕਿ ਮੈਂ ਇਕ ਅਜਿਹੇ ਆਦਮੀ ਨੂੰ ਜਾਣਦਾ ਹਾਂ ਜਿਸ ਨੇ ਆਪਣੇ ਇਕ ਕੰਨ ਵਿਚ ਗੋਲੀ ਮਾਰੀ ਅਤੇ ਉਹ ਸੁਰਾਖ ਕਰਦੀ ਹੋਈ ਦੂਜੇ ਕੰਨ ਤੋਂ ਬਾਹਰ ਨਿਕਲ ਗਈ। ਨਤੀਜਾ ਇਹ ਹੋਇਆ ਕਿ ਉਹ ਸਦਾ ਲਈ ਬੱਚ ਗਿਆ। ਇਸ ਵਿਚ ਸ਼ੱਕ ਨਹੀਂ ਕਿ ਉਹ ਲੋਕਾਂ ਦੀਆਂ ਚੰਗੀਆਂ ਮਾੜੀਆਂ ਸੁਣਨ ਤੋਂ ਬੱਚ ਗਿਆ, ਪਰ ਦੁਬਾਰਾ ਉਸ ਦਾ ਆਤਮਹੱਤਿਆ ਕਰਨ ਦਾ ਹੌਂਸਲਾ ਨਾ ਪਿਆ। ਹੁਣ ਜੇ ਉਹ ਆਤਮਹੱਤਿਆ ਕਰਨ ਲਈ ਫਿਰ ਕੋਈ ਕਦਮ ਚੁੱਕਦਾ ਹੈ ਤਾਂ ਆਮ ਤੌਰ ਤੇ ਉਸ ਦਾ ਹੱਥ ਕੰਬ ਜਾਂਦਾ ਹੈ ਅਤੇ ਗੋਲੀ ਕਦੇ ਨਿਸ਼ਾਨੇ ਉਤੇ ਨਹੀਂ ਲਗਦੀ। ਜੇ ਇਨਸਾਨ ਦੇ ਮਨ ਵਿਚ ਆਤਮਹੱਤਿਆ ਦੇ ਬਾਰੇ ਕੋਈ ਡਰ ਨਾ ਹੋਵੇ ਤਾਂ ਇਹ ਕੰਮ ਉਸ ਲਈ ਬੜਾ ਸੌਖਾ ਹੋ ਜਾਂਦਾ ਹੈ।'

ਮੈਂ ਫਿਰ ਕੁਝ ਰੁਕ ਕੇ ਕਿਹਾ 'ਮੇਰੇ ਕੋਲ ਇਕ ਪਿਸਤੌਲ ਹੈ। ਜੇ ਤੈਨੂੰ ਚਾਹੀਦਾ ਹੈ ਤਾਂ ਦੇ ਦਿਆਂ?

ਕਹਿਣ ਲੱਗਾ- ਬੜੀ ਮਿਹਰਬਾਨੀ ਹੋਵੇਗੀ।

ਸੋ ਮੈਂ ਬੈਡਰੂਮ ਤੋਂ ਪਿਸਤੌਲ ਲਿਆ ਕੇ ਉਹਦੇ ਹਵਾਲੇ ਕੀਤੀ ਅਤੇ ਉਸ ਨੂੰ ਚਲਾਉਣ ਦਾ ਢੰਗ ਵੀ ਦੱਸ ਦਿੱਤਾ

ਪਰ ਸੱਚੀ ਗੱਲ ਤਾਂ ਇਹ ਹੈ ਕਿ ਉਸ ਸਮੇਂ ਮੇਰਾ ਹੱਥ ਵੀ ਕੰਬ ਰਿਹਾ ਸੀ।

ਮੈਂ ਫਿਰ ਕਿਹਾ, 'ਜੇ ਸਚਮੁੱਚ ਤੂੰ ਮੈਨੂੰ ਆਪਣਾ ਦੋਸਤ ਸਮਝਦਾ ਹੈਂ ਅਤੇ ਮੇਰੀ ਦੋਸਤੀ ਦੀ ਤੇਰੀਆਂ ਨਜ਼ਰਾਂ ਵਿਚ ਕੋਈ ਅਹਿਮੀਅਤ ਹੈ ਤਾਂ ਰੱਬ ਦੇ ਵਾਸਤੇ ਮੈਨੂੰ ਇਹ ਜ਼ਰੂਰ ਦੱਸ ਕਿ ਅਜਿਹੀ ਕਿਹੜੀ ਮੁਸੀਬਤ ਆ ਗਈ ਹੈ ਜਿਸ ਕਾਰਨ ਤੂੰ ਆਪਣੀ ਜ਼ਿੰਦਗੀ ਖਤਮ ਕਰਨ ਤੇ ਤੁਲਿਆ ਪਿਆ ਏਂ।

ਉਸ ਨੇ ਕਿਹਾ, ਕੋਈ ਨਵੀਂ ਘਟਨਾ ਤਾਂ ਨਹੀ ਵਾਪਰੀ। ਪਰ ਮੈਂ ਸੰਸਾਰ ਤੋਂ ਬੋਰ ਹੋ ਗਿਆ ਹਾਂ। ਰੋਜ਼ਾਨਾ ਜ਼ਿੰਦਗੀ ਦੀ ਰੁਟੀਨ ਤੋਂ ਤੰਗ ਆ ਗਿਆ ਹਾਂ। ਇਕ ਹੀ ਕੰਮ ਨੂੰ ਘੜੀ-ਮੁੜੀ ਕਰ ਕਰ ਕੇ ਮੈਂ ਅੱਕ ਗਿਆ ਹਾਂ। ਚੌਗਿਰਦੇ ਦੇ ਰੁੱਖੇਪਣ ਨੇ ਮੈਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ ਕਿ ਜੀਉਣ ਦਾ ਕੋਈ ਮੰਤਵ ਨਹੀਂ ਕੋਈ ਉਦੇਸ਼ ਨਹੀਂ ਅਤੇ ਫੇਰ ਜਦੋਂ ਮੈਂ ਅਖੀਰ ਇਸ ਸੰਸਾਰ ਤੋਂ ਚਲਾ ਹੀ ਜਾਣਾ ਹੈ ਤਾਂ ਜਿੰਨੀ ਛੇਤੀ ਜਾ ਸਕਾਂ ਬਿਹਤਰ ਹੈ। ਉਸ ਜੀਵਨ ਵਿਚ ਕੋਈ ਮੁਸੀਬਤ ਨਹੀਂ ਪਰੇਸ਼ਾਨੀ ਨਹੀਂ। ਇਸ ਤੋਂ ਬਾਅਦ ਉਹ ਚੁੱਪ ਹੋ ਗਿਆ ਅਤੇ ਕਿਸੇ ਡੂੰਘੀ ਸੋਚ ਵਿਚ ਡੁੱਬ ਗਿਆ। ਮੈਂ ਕਿਹਾ, ਕੀ ਇਸ ਸੰਸਾਰ ਦਾ ਜੀਵਨ ਮੁਸੀਬਤਾਂ ਦਾ ਸੋਮਾ ਹੈ? ਨਹੀਂ, ਇੰਜ ਨਹੀਂ ਹੈ ਤੂੰ ਗਲਤ ਹੈਂ। ਜੀਵਨ ਅਜਿਹਾ ਨਹੀਂ ਜਿਹੋ ਜਿਹਾ ਤੂੰ ਸਮਝਦਾ ਹੈਂ। ਤੇਰਾ ਇਹ ਵਿਚਾਰ ਛਿਣ ਭੰਗਰਾ ਹੈ ਅਤੇ ਅਸਥਾਈ ਹੈ। ਇਸ ਸਮੇਂ ਤੂੰ ਸੱਚ ਤੋਂ ਹੱਟ ਚੁੱਕਾ ਹੈ। ਉਸ ਨੂੰ ਗੁੱਸਾ ਆ ਗਿਆ। ਉਹਨੇ ਕਈ ਪਹਿਲੂ ਬਦਲੇ। ਫਿਰ ਬੜੀ ਭਰੀ ਹੋਈ ਤੇ ਦੁਖੀ ਆਵਾਜ਼ ਵਿਚ ਬੋਲਿਆ ਇਸ ਤੋਂ ਵਧ ਕੇ ਹੋਰ ਕੀ ਦੁਖ ਹੋਵੇਗਾ ਕਿ ਲੋਕ ਇਸ ਜੀਵਨ ਵਿਚ ਇਕ ਦੂਜੇ ਨਾਲ ਦੁਸ਼ਮਣੀ ਰੱਖਦੇ ਹਨ ਅਤੇ ਬਿਨਾ ਕਾਰਨ ਦਿਲ ਤੋੜਨ ਦਾ ਜਤਨ ਕਰਦੇ ਹਨ। ਮੇਰੀ ਹੀ ਮਿਸਾਲ ਲੈ, ਆਮ ਤੌਰ ਤੇ ਮਿਲਣ ਜੁਲਣ ਵਾਲੇ ਅਜਿਹੇ ਹਨ ਜਿਹੜੇ ਮੇਰੇ ਨਾਲ ਚੰਗਾ ਵਰਤਾਓ ਨਹੀਂ ਕਰਦੇ। ਮੇਰੀ ਉੱਨਤੀ ਦੇ ਰਾਹ ਵਿਚ ਰੋੜੇ ਅਟਕਾਉਂਦੇ ਹਨ। ਮੈਂ ਕਿਸੇ ਦਾ ਦਿਲ ਨਹੀਂ ਦੁਖਾਇਆ। ਕਿਸੇ ਨਾਲ ਮਾੜੀ ਤਰ੍ਹਾਂ ਪੇਸ਼ ਨਹੀਂ ਆਇਆ। ਆਖਰ ਕਿਉਂ ਲੋਕ ਮੇਰੇ ਨਾਲ ਵੈਰ ਰਖਦੇ ਹਨ? ਮੇਰੇ ਦਿਮਾਗ ਨੂੰ ਕਿਉਂ ਪਰੇਸ਼ਾਨ ਕਰਨਾ ਚਾਹੁੰਦੇ ਹਨ? ਮੈਂ ਉਨ੍ਹਾਂ ਤੇ ਬਹੁਤ ਔਖਾ ਹਾਂ। ਮੇਰੇ ਦਿਲ ਵਿਚ ਉਨ੍ਹਾਂ ਲਈ ਈਰਖਾ, ਸਾੜਾ ਅਤੇ ਬਦਲੇ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਇਨ੍ਹਾਂ ਭਾਵਨਾਵਾਂ ਤੋਂ ਮੈਨੂੰ ਬੜਾ ਦੁੱਖ ਹੁੰਦਾ ਹੈ। ਕੀ ਇਸ ਤੋਂ ਵੱਡੀ ਕੋਈ ਮੁਸੀਬਤ ਹੈ? ਬਿਲਕੁਲ ਨਹੀਂ ਹੈ। ਜਿਥੋਂ ਤੱਕ ਦੋਸਤੀ ਦੀ ਗੱਲ ਹੈ ਉਹ ਖੁਸ਼ੀ ਦੇ ਸਾਥੀ ਹਨ। ਥੋੜ੍ਹੀ ਦੇਰ ਸਾਡੇ ਨਾਲ ਖੁਸ਼ ਹੁੰਦੇ ਹਨ। ਫਿਰ ਮੂੰਹ ਮੋੜ ਲੈਂਦੇ ਹਨ।

ਬੰਦਾ ਦੁਨੀਆਂ ਵਿਚ ਬਿਲਕੁਲ ਇਕੱਲਾ ਹੈ। ਕਾਸ਼! ਇਕੱਲਾ ਹੀ ਰਹਿੰਦਾ ਪਰ ਫਿਰ ਵੀ ਲੋਕ ਅਜਿਹੇ ਹਨ ਜਿਹੜੇ ਭਰਿੰਡਾਂ ਵਾਂਗ ਉਹਨੂੰ ਚੰਬੜ ਕੇ ਡੰਗ ਮਾਰਦੇ ਹਨ। ਉਸ ਦੇ ਨਾਲ ਬਹਿ ਕੇ ਖਾਂਦੇ ਹਨ ਪਰ ਜਿਸ ਥਾਲੀ ਵਿਚ ਖਾਂਦੇ ਹਨ ਉਸੇ ਥਾਲੀ ਵਿਚ ਮੋਰੀ ਕਰਦੇ ਹਨ। ਤੂੰ ਆਪ ਹੀ ਸੋਚ ਫਿਰ ਸੱਚੋ ਸੱਚ ਦੱਸ ਕਿ ਕੀ ਜੀਵਨ ਨੂੰ ਖਤਮ ਕਰ ਦੇਣ ਲਈ ਇਹ ਕਾਫ਼ੀ ਨਹੀਂ। ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਸੰਸਾਰ ਵਿਚ ਰਹਿਣ ਦਾ ਕੀ ਸੁਆਦ ਏ। ਕਿਹੜੀ ਚੀਜ਼ ਅਜਿਹੀ ਹੈ ਜਿਸ ਤੋਂ ਸਦੀਵੀ ਖੁਸ਼ੀ ਮਿਲ ਸਕਦੀ ਹੈ। ਅਸੀਂ ਰੋਜ਼ ਸਵੇਰ ਤੋਂ ਸ਼ਾਮ ਤਕ ਕੋਹਲੂ ਦੇ ਬਲਦ ਵਾਂਗ ਤੁਰਦੇ ਰਹਿੰਦੇ ਹਾਂ ਪਰ ਕਿਤੇ ਪਹੁੰਚਦੇ ਨਹੀਂ।

ਹਾਂ, ਜੇ ਮੈਂ ਵੱਡਾ ਅਫਸਰ ਹੁੰਦਾ ਅਤੇ ਮੇਰੇ ਕੋਲ ਬਹੁਤ ਸਾਰਾ ਪੈਸਾ ਹੁੰਦਾ ਤਾਂ ਮੈਨੂੰ ਪਤਾ ਲੱਗ ਸਕਦਾ ਸੀ ਕਿ ਖੁਸ਼ੀ ਕਿਵੇਂ ਮਿਲਦੀ ਹੈ। ਕਿੰਨੇ ਦੁੱਖ ਦੀ ਗੱਲ ਹੈ ਕਿ ਇਸ ਸੰਸਾਰ ਵਿਚ ਖੁਸ਼ੀ ਕੇਵਲ ਪੈਸੇ ਨਾਲ ਖਰੀਦੀ ਜਾ ਸਕਦੀ ਹੈ ਅਤੇ ਮੇਰਾ ਤਾਂ ਹੱਥ ਖਾਲੀ ਹੈ। ਜੇਬ ਵਿਚ ਕੌਡੀ ਵੀ ਨਹੀਂ। ਆਖਰ ਕੀ ਕਰ ਸਕਦਾ ਹਾਂ। ਕਿਸ ਤਰ੍ਹਾਂ ਸੰਸਾਰ ਦੀ ਖੁਸ਼ੀ ਵਿਚ ਸ਼ਾਮਲ ਹੋ ਸਕਦਾ ਹਾਂ। ਮੇਰੀ ਕਿਸਮਤ ਵਿਚ ਤਾਂ ਇਹੋ ਦਰ-ਦਰ ਦੀਆਂ ਠੋਕਰਾਂ ਮੁਸੀਬਤਾਂ ਅਤੇ ਦੁੱਖ ਹਨ।

ਮੈਂ ਉਠ ਕੇ ਉਹਨੂੰ ਗਲੇ ਲਾਇਆ ਸਾਡੀਆਂ ਦੋਹਾਂ ਦੀਆਂ ਅੱਖਾਂ ਵਿਚੋ ਹੰਝੂ ਵਹਿਣ ਲੱਗੇ। ਉਹ ਜਾਣ ਲੱਗਾ ਸੀ ਕਿ ਮੈਂ ਕਿਹਾ, ਮੈਨੂੰ ਤੇਰੇ ਫੈਸਲੇ ਤੇ ਕੋਈ ਇਤਰਾਜ਼ ਨਹੀਂ ਅਤੇ ਨਾ ਮੈਂ ਉਸ ਵਿਚ ਰੁਕਾਵਟ ਪਾਉਣੀ ਚਾਹੁੰਦਾ ਹਾਂ ਪਰ ਕਿਉਂਕਿ ਮਰਨ ਦਾ ਮੌਕਾ ਤਾਂ ਜਦੋਂ ਚਾਹੋ ਮਿਲ ਸਕਦਾ ਹੈ ਅਤੇ ਅਸੀਂ ਅੰਤ ਮਿੱਟੀ ਵਿਚ ਮਿਲਣਾ ਹੀ ਹੈ, ਇਸ ਲਈ ਮੇਰਾ ਖਿਆਲ ਹੈ ਕਿ ਤੂੰ ਆਤਮਹੱਤਿਆ ਨੂੰ ਦੋ ਦਿਨ ਲਈ ਮੁਲਤਵੀ ਕਰ ਦੇਹ। ਇਨ੍ਹਾਂ ਦਿਨਾਂ ਵਿਚ ਇਸ ਸੰਸਾਰ ਅਤੇ ਸੰਸਾਰ ਵਾਸੀਆਂ ਤੋਂ ਤੂੰ ਬਦਲਾ ਲੈ। ਜੇ ਤੂੰ ਇਸ ਤੇ ਰਾਜ਼ੀ ਨਹੀਂ, ਤਾਂ ਘੱਟ ਤੋਂ ਘੱਟ ਮੇਰੀ ਤਸੱਲੀ ਲਈ ਦੋ ਦਿਨ ਹੋਰ ਜੀਉਂਦਾ ਰਹਿ ਲੈ।

ਉਸ ਨੇ ਕੁਝ ਸੋਚ ਕੇ ਉੱਤਰ ਦਿੱਤਾ, ਭਾਵੇਂ ਮੇਰਾ ਮਨ ਨਹੀਂ ਚਾਹੁੰਦਾ ਪਰ ਫਿਰ ਵੀ ਤੇਰਾ ਦਿਲ ਰੱਖਣ ਲਈ ਮੈਂ ਦੋ ਦਿਨ ਹੋਰ ਦੁਖ ਸਹਿਣ ਨੂੰ ਤਿਆਰ ਹਾਂ।

ਮੈਂ ਕਿਹਾ, ਹੁਣ ਜਦੋਂ ਤੂੰ ਆਪਣੀ ਜ਼ਿੰਦਗੀ ਦੇ ਇਹ

ਅੰਤਲੇ ਦੋ ਦਿਨ ਮੇਰੇ ਹਵਾਲੇ ਕਰ ਦਿੱਤੇ ਹਨ, ਇਸ ਲਈ ਤੈਨੂੰ ਚਾਹੀਦਾ ਹੈ ਕਿ ਮੈਂ ਜਿਵੇਂ ਮੈਂ ਤੈਨੂੰ ਕਹਾਂ ਤੈਨੂੰ ਉਵੇਂ ਕਰਨਾ ਚਾਹੀਦਾ ਹੈ।

ਉਹ ਕਹਿਣ ਲੱਗਾ, ਮੈਨੂੰ ਕੋਈ ਇਤਰਾਜ਼ ਨਹੀ। ਇਸ ਦੁਖ ਨੂੰ ਝੱਲਦਿਆਂ ਮੈਨੂੰ ਇਹ ਤਾਂ ਤਸੱਲੀ ਹੋਵੇਗੀ ਕਿ ਮੈਂ ਤੇਰੇ ਲਈ ਦੁਖ ਝੱਲ ਰਿਹਾ ਹਾਂ।

ਮੈਂ ਕਿਹਾ, ਕਿੰਨੇ ਦੁੱਖ ਦੀ ਗੱਲ ਹੋਵੇਗੀ ਕਿ ਤੂੰ ਆਪਣੀ ਜਾਨ ਗੁਆਵੇਂ ਅਤੇ ਤੇਰੇ ਦੁਸ਼ਮਣ ਤੇਰੇ ਮਰਨ ਤੇ ਖੁਸ਼ ਹੋਣ। ਇਸ ਲਈ ਤੈਨੂੰ ਚਾਹੀਦਾ ਕਿ ਤੂੰ ਉਨ੍ਹਾਂ ਦਾ ਮਨ ਖੁਸ਼ ਰੱਖਣ ਦਾ ਯਤਨ ਕਰ ਭਾਵੇਂ ਇਹ ਯਤਨ ਕੁਝ ਪਲਾਂ ਲਈ ਹੀ ਹੋਵੇ। ਇਸ ਮੰਤਵ ਲਈ ਉਨ੍ਹਾਂ ਨਾਲ ਮੁਲਾਕਾਤ ਕਰ। ਬਿਲਕੁਲ ਉਸ ਬੰਦੇ ਵਾਂਗ ਜਿਹੜਾ ਬੋਲ-ਬੁਲਾਰੇ ਤੋਂ ਬਾਅਦ ਆਪਣੀ ਪ੍ਰੇਮਿਕਾ ਨਾਲ ਸੁਲਾਹ ਕਰਦਾ ਹੈ। ਤੇਰੇ ਮਨ ਵਿਚ ਕੁਝ ਵੀ ਹੋਵੇ ਪਰ ਉਤੋਂ ਖਿੜੇ ਮੱਥੇ ਉਨ੍ਹਾਂ ਨੂੰ ਮਿਲ। ਆਪਣੀਆਂ ਚੰਗੀਆਂ ਚੰਗੀਆਂ ਗੱਲਾਂ ਨਾਲ ਉਨ੍ਹਾਂ ਦਾ ਮਨ ਮੋਹਣ ਦਾ ਯਤਨ ਕਰ ਕਿਉਂਕਿ ਤੂੰ ਤਾਂ ਜੀਉਂਦਾ ਰਹਿਣਾ ਨਹੀਂ ਚਾਹੁੰਦਾ ਇਸ ਲਈ ਜੇ ਤੈਨੂੰ ਕੋਈ ਕਹੇ ਤੇਰੀ ਚੰਗਿਆਈ ਦਾ ਫ਼ਲ ਤੈਨੂੰ ਮਿਲਣਾ ਚਾਹੀਦਾ ਹੈ ਤਾਂ ਉਹਨੂੰ ਕਹਿ ਦੇਵੀਂ ਕਿ ਤੁਹਾਡੀ ਇਸ ਹਮਦਰਦੀ ਲਈ ਬਹੁਤ ਬਹੁਤ ਧੰਨਵਾਦ।

ਇਨ੍ਹਾਂ ਗੱਲਾਂ ਤੋਂ ਮੇਰਾ ਮਤਲਬ ਅਸਲ ਵਿਚ ਇਹ ਹੈ ਕਿ ਜਦੋਂ ਤੂੰ ਮਰ ਜਾਵੇਂ ਤਾਂ ਦੁਸ਼ਮਣਾਂ ਨੂੰ ਤੇਰੇ ਮਰਨ ਤੇ ਖੁਸ਼ ਹੋਣ ਦਾ ਮੌਕਾ ਨਾ ਮਿਲ ਸਕੇ। ਸਗੋਂ ਉਨ੍ਹਾਂ ਦੇ ਮਨ ਵਿਚ ਅਫਸੋਸ ਹੋਵੇ।

ਫ਼ਿਰ ਮਿੱਤਰਾਂ ਨੂੰ ਮਿਲ। ਉਨ੍ਹਾਂ ਨੂੰ ਵੀ ਖਿੜੇ ਮੱਥੇ ਪੇਸ਼ ਆ। ਕੁਝ ਆਪਣੀ ਸੁਣਾ ਅਤੇ ਉਨ੍ਹਾਂ ਦੀ ਸੁਣ। ਇੰਝ ਸਮਝ ਕਿ ਹਰੇਕ ਨੂੰ ਮਿਲ ਕੇ ਤੂੰ ਉਨ੍ਹਾਂ ਦਾ ਮੁਥਾਜ ਨਹੀਂ ਹੈ। ਇਸ ਲਈ ਆਪਣੇ ਆਪ ਨੂੰ ਉਨ੍ਹਾਂ ਦੇ ਬਰਾਬਰ ਸਮਝ। ਮਿੱਤਰਾਂ ਦਾ ਕੋਈ ਵੀ ਕੰਮ ਤੇਰੇ ਕੋਲ ਹੋਵੇ ਤਾਂ ਉਹਨੂੰ ਪੂਰਾ ਕਰ ਦੇ। ਇਸ ਦਾ ਨਤੀਜਾ ਇਹ ਹੋਵੇਗਾ ਕਿ ਜਦੋਂ ਤੂੰ ਇਸ ਦੁਨੀਆਂ ਵਿਚ ਨਹੀਂ ਹੋਵੇਗਾ ਤਾਂ ਉਹ ਤੈਨੂੰ ਯਾਦ ਕਰਕੇ ਦੁਖੀ ਹੋਣਗੇ। ਇਕ ਕੰਮ ਤੈਨੂੰ ਹੋਰ ਕਰਨਾ ਪਵੇਗਾ। ਕਿਉਂਕਿ ਤੇਰੀ ਜ਼ਿੰਦਗੀ ਦਾ ਇਹ ਥੋੜ੍ਹਾ ਸਮਾਂ ਮੇਰੇ ਅਧਿਕਾਰ ਵਿਚ ਹੈ, ਇਸ ਲਈ ਜੋ ਮੈਂ ਕਹਾਂ ਉਸ ਨੂੰ ਪੂਰਾ ਕਰਨ ਦਾ ਯਤਨ ਕਰ।

ਕੱਲ੍ਹ ਸਵੇਰੇ ਉਠ ਕੇ ਆਪਣੇ ਮਕਾਨ ਦੀ ਛੱਤ ਤੇ ਚੜ੍ਹ ਜਾ। ਬਸੰਤ ਦੀ ਰੁੱਤ ਹੈ ਸਰਦੀ ਵੀ ਕੋਈ ਖਾਸ ਨਹੀਂ। ਇਹ ਖਿਆਲ ਰੱਖੀਂ ਕਿ ਸੂਰਜ ਨਿਕਲਣ ਤੋਂ ਇਕ ਘੰਟਾ ਪਹਿਲਾਂ ਤੂੰ ਛੱਤ ਉਤੇ ਜਾਵੀਂ ਅਤੇ ਜਦੋਂ ਤੱਕ ਸੂਰਜ ਨਾ ਨਿਕਲੇ ਤੂੰ ਨਾ ਆਵੀਂ। ਤੇਰੇ ਮਨ ਵਿਚ ਜਿਹੜਾ ਗੁੱਸਾ ਹੋਵੇ ਉਸ ਨੂੰ ਦਬਾਉਣ ਦਾ ਯਤਨ ਕਰੀਂ, ਫ਼ਿਰ ਮੈਨੂੰ ਯਾਦ ਕਰਕੇ ਪਹੁ ਫੁੱਟਣ ਦਾ ਦ੍ਰਿਸ਼ ਵੇਖੀਂ ਅਤੇ ਵੇਖੀਂ ਹਵਾ ਕਿੰਨੇ ਗੀਤ ਗਾਉਂਦੀ ਹੈ, ਅਕਾਸ਼ ਕਿੰਨੇ ਰੰਗ ਬਦਲਦਾ ਹੈ। ਜਦੋਂ ਸੂਰਜ ਚੜ੍ਹਨ ਦਾ ਦ੍ਰਿਸ਼ ਵੇਖ ਲਵੇਂ ਤਾਂ ਆਪਣੇ ਕੰਮ-ਕਾਜ ਵਿਚ ਲੱਗ ਜਾਵੀਂ ਅਤੇ ਰੋਜ਼ਾਨਾ ਦੇ ਕੰਮਾਂ ਨੂੰ ਕਰਨ ਲਈ ਰੁਝ ਜਾਵੀਂ। ਪਰ ਇਸ ਤਰ੍ਹਾਂ ਨਹੀਂ ਜਿਵੇਂ ਤੂੰ ਹੁਣ ਤੱਕ ਕਰਦਾ ਰਿਹਾ ਹੈਂ, ਸਗੋਂ ਆਪਣਾ ਕੰਮ ਕੁਝ ਇਸ ਤਰ੍ਹਾਂ ਕਰੀਂ ਕਿ ਤੇਰੇ ਮਰਨ ਤੋਂ ਬਾਅਦ ਲੋਕ ਹਸਰਤ ਅਤੇ ਦੁਖ ਮਹਿਸੂਸ ਕਰਨ। ਉਨ੍ਹਾਂ ਦਾ ਦਿਲ ਤੇਰੇ ਵਿਛੋੜੇ ਨੂੰ ਬੜੀ ਹੀ ਤੀਬਰਤਾ ਨਾਲ ਅਨੁਭਵ ਕਰੇ।

ਇਸ ਸਮੇ ਵਿਚ ਲੋਕਾਂ ਨਾਲ ਹਾਸਾ ਮਜ਼ਾਕ ਕਰੀਂ। ਕੁਝ ਆਪਣੀ ਕਹੀਂ ਅਤੇ ਉਨ੍ਹਾਂ ਦੀ ਸੁਣੀ। ਪ੍ਰੇਮ ਅਤੇ ਹਮਦਰਦੀ ਪ੍ਰਗਟ ਕਰੀਂ। ਕਿਸੇ ਚੀਜ਼ ਤੇ ਨੱਕ-ਬੁੱਲ੍ਹ ਨਾ ਚੜ੍ਹਾਵੀਂ। ਦੋ ਦਿਨ ਦੇ ਜੀਵਨ ਵਿਚ ਨਿੰਦਿਆ ਚੁਗਲੀ ਚੰਗੀ ਨਹੀਂ ਹੁੰਦੀ। ਮਤਲਬ ਇਹ ਕਿ ਕੁਝ ਅਜਿਹਾ ਰਵੱਈਆ ਧਾਰਨ ਕਰਕੇ ਕਿ ਤੇਰੇ ਮਰਨ ਤੋਂ ਬਾਅਦ ਲੋਕਾਂ ਦੇ ਦੁਖ ਦਾ ਅੰਤ ਨਾ ਰਹੇ। ਵਿਹਲੇ ਵੇਲੇ ਕੁਝ ਪੜ੍ਹੀਂ। ਜਿਹੜੀ ਕਿਤਾਬ ਤੇਰੇ ਕੋਲ ਹੋਵੇ ਉਸ ਨੂੰ ਪੜ੍ਹਨਾ ਸ਼ੁਰੂ ਕਰ ਦੇਵੀਂ। ਦੂਜੇ ਦਿਨ ਵੀ ਮੇਰੀ ਖਾਤਰ ਇਹੋ ਕੰਮ ਕਰੀਂ। ਤੀਜੇ ਦਿਨ ਜੋ ਤੇਰਾ ਦਿਲ ਚਾਹੇ ਕਰੀਂ।

ਮੇਰਾ ਮਿੱਤਰ ਮੁਸਕਰਾਇਆ ਅਤੇ ਕਹਿਣ ਲੱਗਾ, ਤੂੰ ਬੇਕਾਰ ਮੈਨੂੰ ਵਹਿਮ ਵਿਚ ਫਸਾਉਣਾ ਚਾਹੁੰਦਾ ਹੈਂ। ਮੇਰੇ ਚਿਹਰੇ ਦਾ ਰੰਗ ਕੁਝ ਬਦਲਿਆ। ਮੈਂ ਕਿਹਾ, ਹਾਂ ਤੂੰ ਠੀਕ ਕਹਿੰਦਾ ਹੈਂ। ਮੈ ਤੈਨੂੰ ਵਹਿਮ ਵਿਚ ਫਸਾਉਣਾ ਚਾਹੁੰਦਾ ਹਾਂ ਪਰ ਕਿਉਂਕਿ ਤੂੰ ਮੇਰੇ ਨਾਲ ਵਾਅਦਾ ਕੀਤਾ ਹੈ ਇਸ ਲਈ ਮੇਰੇ ਨਿਯਮ ਦੀ ਪੂਰੀ ਤਰ੍ਹਾਂ ਪਾਲਣਾ ਕਰ। ਇਸ ਤੋਂ ਬਿਨਾਂ ਤੇਰੇ ਲਈ ਕੋਈ ਚਾਰਾ ਨਹੀ।

ਉਸ ਨੇ ਸੋਚਿਆ ਕਿ ਬਹਿਸ ਦਾ ਕੋਈ ਸਮਾਂ ਨਹੀਂ ਇਸ ਲਈ ਪਿਸਤੌਲ ਚੁੱਕੀ ਹੈ ਤੇ, 'ਰੱਬ ਰਾਖਾ' ਕਹਿ ਕੇ ਚਲਾ ਗਿਆ।

ਤੀਜੇ ਦਿਨ ਮੈਂ ਤਿਆਰ ਹੋ ਕੇ ਉਹਦੇ ਘਰ ਪੁੱਜਾ। ਉਹਨੇ ਖਿੜੇ ਮੱਥੇ ਮੇਰਾ ਸੁਆਗਤ ਕੀਤਾ। ਮੈਂ ਉਂਜ ਹੀ ਕਿਹਾ ਮੈਂ ਤਾਂ ਤੇਰੇ ਮਰਨ 'ਤੇ ਅਫਸੋਸ ਕਰਨ ਲਈ ਅਤੇ ਮਾਤਮ ਮਨਾਉਣ ਲਈ ਆਇਆ ਸਾਂ। ਉਹ ਹੱਸਿਆ ਤੇ ਬੋਲਿਆ, ਮਰਨ ਲਈ ਅਜੇ ਬੜਾ ਸਮਾਂ ਹੈ।

# ਪੁਸਤਕ ਸਮੀਖਿਆ

*ਪੁਸਤਕ* : ਸਫ਼ਰਨਾਮਾ ਪਾਕਿਸਤਾਨ *ਲੇਖਕ* : ਗੁਰਮੁਖ ਸਿੰਘ ਸਹਿਗਲ *ਪੰਨੇ* : 79
*ਕੀਮਤ* : 100 ਰੁਪਏ (ਸਜਿਲਦ) *ਪ੍ਰਕਾਸ਼ਕ* : ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ।

**ਡਾ. ਗੁਰਮੀਤ ਸਿੰਘ ਬੈਦਵਾਣ**
ਪਿੰਡ ਬਾਸੀਆਂ, ਬੈਦਵਾਣ, ਮੱਛਲੀ ਕਲਾਂ
ਜ਼ਿਲ੍ਹਾ ਫਤਹਿਗੜ੍ਹ ਸਾਹਿਬ

ਪੰਜਾਬੀ ਸਾਹਿਤ ਵਿੱਚ ਸਫ਼ਰਨਾਮਿਆਂ ਦਾ ਇਤਿਹਾਸ ਬੜਾ ਪੁਰਾਣਾ ਹੈ। ਉਂਝ ਭਾਵੇਂ ਕਾਵਿਕ ਅੰਦਾਜ਼ ਵਿੱਚ ਕੁਝ ਮਹਾਂਨਾਇਕਾਂ ਅਤੇ ਮਹਾਂਪੁਰਸ਼ਾਂ ਦੇ ਜੀਵਨ ਤੇ ਅਧਾਰਿਤ ਯਾਤਰਾ ਵੇਰਵੇ ਮਿਲ ਜਾਂਦੇ ਹਨ ਪ੍ਰੰਤੂ ਜਦੋਂ ਦੀਆਂ ਇਹ ਯਾਤਰਾਵਾਂ ਵਾਰਤਕ ਦੀ ਜੱਦ ਵਿੱਚ ਆਈਆਂ ਹਨ, ਇਹਨਾਂ ਦੇ ਪੜ੍ਹਨ ਸੁਣਨ ਦਾ ਸੁਆਦ ਹੀ ਵੱਖਰਾ ਹੈ। ਪੁਰਾਤਨ ਜਨਮ ਸਾਖੀ ਸਾਹਿਤ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਹੋਰਨਾਂ ਮਹਾਂਪੁਰਸ਼ਾਂ ਵੱਲੋਂ ਕੀਤੀਆਂ ਯਾਤਰਾਵਾਂ ਨੂੰ ਉਦਾਸੀਆਂ ਵੀ ਆਖਿਆ ਗਿਆ ਹੈ। ਕਿਸੇ ਹੋਰ ਪੁਰਸ਼/ਮਹਾਂਪੁਰਸ਼ ਵੱਲੋਂ ਕੀਤੀ ਯਾਤਰਾ ਦੇ ਵੇਰਵੇ ਸਮਾਂ ਪਾ ਕੇ ਕਿਸੇ ਹੋਰ ਲੇਖਕ ਵੱਲੋਂ ਲਿਖੇ ਜਾਣ ਨਾਲ ਵਾਰਤਕ ਦੀ ਯਥਾਰਥਕਤਾ ਨੂੰ ਧੱਕਾ ਲੱਗਣਾ ਸੰਭਵ ਹੈ। ਜਦੋਂ ਲੇਖਕ ਖੁਦ ਹੀ ਦੂਰ ਦੁਰਾਡੇ ਦੇਸ਼ਾਂ ਦੇਸ਼ਾਂਤਰਾਂ ਦਾ ਸਫ਼ਰ ਕਰੇ ਅਤੇ ਉਸ ਯਾਤਰਾ ਦੇ ਅਨੁਭਵ ਪਾਠਕਾਂ ਨਾਲ ਸਾਂਝੇ ਕਰੇ ਤਾਂ ਸਫ਼ਰਨਾਮਿਆਂ ਵਿੱਚ ਰੌਚਿਕਤਾ ਵਧਦੀ ਹੈ ਅਤੇ ਦਿਲਚਸਪ, ਅਟੁੱਟ ਪ੍ਰਸੰਗ ਪਾਠਕ ਦੀ ਬਿਰਤੀ ਨੂੰ ਇਕਾਗਰ ਰੱਖਣ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਹਥਲੀ ਪੁਸਤਕ "ਸਫ਼ਰਨਾਮਾ-ਪਾਕਿਸਤਾਨ" ਪ੍ਰੋ. ਗੁਰਮੁਖ ਸਿੰਘ ਸਹਿਗਲ ਦੀ ਅਜਿਹੀ ਹੀ ਕਿਰਤ ਹੈ ਜਿਸ ਵਿੱਚ ਲੇਖਕ ਨੇ ਆਪ ਪਾਕਿਸਤਾਨ ਦਾ ਸਫ਼ਰ/ਯਾਤਰਾ ਕਰਦਿਆਂ ਪਾਠਕਾਂ ਨੂੰ ਵੀ ਪਾਕਿਸਤਾਨ ਦੀ ਯਾਤਰਾ ਕਰਵਾ ਦਿੱਤੀ ਹੈ।

'ਸਫ਼ਰਨਾਮਾ-ਪਾਕਿਸਤਾਨ' ਤੋਂ ਪਹਿਲਾਂ ਪੰਜਾਬੀ ਸਾਹਿਤ ਵਿੱਚ ਹੋਰ ਸਫ਼ਰਨਾਮੇ ਵੀ ਲਿਖੇ ਗਏ ਹਨ। ਪਾਕਿਸਤਾਨ ਸਬੰਧੀ ਬਲਰਾਜ ਸਾਹਨੀ ਦਾ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਪਾਕਿਸਤਾਨ ਦੀ ਅੰਦਰਲੀ ਰੂਹ ਦੇ ਦਰਸ਼ਨ ਕਰਾਉਣ ਦੇ ਸਮਰੱਥ ਹੈ। ਸਮੇਂ ਦੇ ਬਦਲ ਰਹੇ ਪਰਿਪੇਖ ਵਿੱਚ ਗੁਰਮੁਖ ਸਿੰਘ ਸਹਿਗਲ ਦਾ 'ਸਫ਼ਰਨਾਮਾ-ਪਾਕਿਸਤਾਨ' ਅਜੋਕੇ ਦੌਰ ਦੀਆਂ ਸਥਾਪਤ ਕਦਰਾਂ ਕੀਮਤਾਂ ਦੀ ਤਰਜ਼ਮਾਨੀ ਕਰਦਾ ਹੈ। ਸਫ਼ਰਨਾਮਿਆਂ ਵਿੱਚ ਵਾਰਤਕ ਦੀ ਕਦਰ ਉਦੋਂ ਹੀ ਬਣਦੀ ਹੈ ਜਦੋਂ ਦੋ ਸੱਭਿਆਚਾਰਾਂ ਦਾ ਤੁਲਨਾਤਮਿਕ ਅਧਿਐਨ ਸੱਚ ਦੇ ਪ੍ਰਸੰਗ ਵਿੱਚ ਕੀਤਾ ਗਿਆ ਹੋਵੇ। ਇਸ ਪੁਸਤਕ ਦਾ ਲੇਖਕ ਇਸ ਗੱਲੋਂ ਸੁਚੇਤ ਰਿਹਾ ਹੈ ਕਿਉਂਕਿ ਉਸਨੇ ਪੁਸਤਕ ਦੇ ਸ਼ੁਰੂ ਵਿੱਚ ਖੁਦ ਹੀ ਲਿਖ ਦਿੱਤਾ ਹੈ ਕਿ "ਮੈਂ ਜੋ ਕੁਝ ਵੀ ਵੇਖਿਆ, ਸੁਣਿਆ ਤੇ ਮਹਿਸੂਸ ਕੀਤਾ, ਉਸ ਦਾ ਹੂਬਹੂ ਚਿਤਰਣ ਇਸ ਸਫ਼ਰਨਾਮੇ ਵਿੱਚ ਕਰ ਦਿੱਤਾ ਹੈ। ਇਸ ਵਿੱਚ ਮੈਂ ਉਚੇਚਾ ਜਤਨ ਕੀਤਾ ਹੈ ਕਿ ਮੇਰੇ ਵੱਲੋਂ ਉੱਕਾ ਕੋਈ ਗਲਤ ਬਿਆਨੀ ਨਾ ਹੋਵੇ। ਲੇਖਕ ਵੱਲੋਂ ਖੁਦ ਹੀ ਅਜਿਹਾ ਸਰਟੀਫਿਕੇਟ ਦਿੱਤੇ ਜਾਣ ਨਾਲ ਸਫ਼ਰਨਾਮਾ ਸਹੀ ਜਾਣਕਾਰੀ ਮੁਹੱਈਆ ਕਰਾਉਣ ਵਾਲਾ ਦਸਤਾਵੇਜ਼ ਬਣ ਗਿਆ ਹੈ, ਜਿਹਨਾਂ ਨੇ ਭਵਿੱਖ ਵਿੱਚ ਪਾਕਿਸਤਾਨ ਦੀ ਯਾਤਰਾ ਕਰਨੀ ਹੋਵੇ ਉਹਨਾਂ ਲਈ ਤਾਂ ਇਹ ਇੱਕ 'ਗਾਇਡ ਬੁੱਕ' ਦੇ ਤੌਰ ਤੇ ਕੰਮ ਕਰਨ ਦੇ ਸਮਰੱਥ ਹੈ। ਯਥਾਰਥਮਈ ਸ਼ੈਲੀ ਦੀ ਬਾਰੀਕ ਟੋਹ ਇਸ ਪੁਸਤਕ ਦੀ ਵਿਸ਼ੇਸ਼ ਪ੍ਰਾਪਤੀ ਕਹੀ ਜਾ ਸਕਦੀ ਹੈ।

ਦੋਵਾਂ ਮੁਲਕਾਂ ਭਾਰਤ ਅਤੇ ਪਾਕਿਸਤਾਨ ਦਾ ਮੂਲ ਤਾਂ ਇੱਕੋ ਹੀ ਹੈ। 1947 ਵਿੱਚ ਧਾਰਮਿਕ ਜਨੂੰਨ ਦੀ ਹਨ੍ਹੇਰੀ ਨੇ ਲੋਕਾਂ ਦੀਆਂ ਅੱਖਾਂ ਵਿੱਚ ਅਜਿਹਾ ਘੱਟਾ ਪਾਇਆ ਕਿ ਅਧਕਾਰ ਵਿੱਚ ਬਹੁਤ ਕੁਝ ਵਾਪਰ ਗਿਆ। ਭਾਰਤ ਮਾਤਾ ਦੇ ਦੋ ਨੇਤਰਾਂ ਵਿੱਚੋਂ ਡਿੱਗੇ ਦੋ ਅੱਥਰੂ ਹਿੰਦੁਸਤਾਨ ਤੇ ਪਾਕਿਸਤਾਨ ਬਣ ਗਏ। ਲੇਖਕ ਸਾਂਝੇ ਸੱਭਿਆਚਾਰ ਵਾਲੇ ਮੁਲਕਾਂ ਦਾ ਉਥੋਂ ਦੀ ਖਲਕਤ ਦੇ ਜ਼ਰੀਏ ਵਿਹਾਰ ਨਿਸ਼ਚਿਤ ਕਰਨ ਦਾ ਜਤਨ ਕਰਦਾ ਹੈ। ਉਹ ਕਹਿੰਦਾ ਹੈ ਕਿ ਜੇ ਸਾਡੇ ਲੋਕਾਂ ਵਿੱਚ ਪਿਆਰ ਹੈ ਤਾਂ ਇਹੋ ਪਿਆਰ ਤੇ ਸਤਿਕਾਰ ਉੱਥੇ ਵੀ ਨਹੀਂ ਮਰਿਆ। ਜੇ ਘਿਰਣਾ ਤੇ ਜਨੂੰਨ ਸਾਡੇ ਮੁਲਕ ਵਿੱਚ ਹੈ ਤਾਂ ਉੱਥੇ ਵੀ ਇਸਦੇ ਝੰਡਾ ਬਰਦਾਰ ਮਿਲ ਪੈਣਗੇ। ਲੇਖਕ ਨੂੰ ਇੱਕ ਗੱਲ ਦਾ ਅਫਸੋਸ ਹੈ ਕਿ ਸਮੇਂ ਦੇ ਬੀਤਣ ਨਾਲ ਉਹ ਲੋਕ ਆਪਣੇ ਅਦੀਬਾਂ ਨੂੰ ਵਿਸਰਦੇ ਜਾ ਰਹੇ ਹਨ ਜਦੋਂ ਕਿ ਅਸੀਂ ਉਹਨਾਂ ਨੂੰ

ਪੂਰਾ ਸਤਿਕਾਰ ਦੇ ਰਹੇ ਹਾਂ। ਪ੍ਰੋ. ਪੂਰਨ ਸਿੰਘ ਦੇ ਇਲਾਕੇ ਦੇ ਲੋਕ ਪ੍ਰੋ. ਪੂਰਨ ਸਿੰਘ ਦਾ ਨਾਂ ਤੱਕ ਨਹੀਂ ਜਾਣਦੇ। ਲੇਖਕ ਪਸਤੋ ਭਾਸ਼ਾ ਦੀ ਜਾਣਕਾਰੀ ਸਹਾਰੇ ਪਾਕਿਸਤਾਨੀ ਲੋਕਾਂ ਨਾਲ ਹੋਰਨਾਂ ਯਾਤਰੀਆਂ ਨਾਲੋਂ ਜ਼ਿਆਦਾ ਸਾਂਝ ਬਣਾ ਲੈਂਦਾ ਹੈ। ਇਹ ਸਾਂਝ ਬਣਾਉਣ ਪਿੱਛੇ ਲੇਖਕ ਦਾ ਮਕਸਦ ਵਧੇਰੇ ਜਾਣਕਾਰੀ ਇੱਕਤਰ ਕਰਨਾ ਹੈ। ਅਜਿਹੀ ਗੱਲਬਾਤ ਵਿਚੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਤੇ ਪਤਾ ਚੱਲਦਾ ਹੈ ਕਿ ਤਿਰਾਹੀ ਦੇ ਸਿੱਖ ਗੁਰਮੁਖੀ ਘੱਟ ਜਾਣਦੇ ਹਨ। ਉਹ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਰਧਾ ਰੱਖਦੇ ਹਨ ਪਰ ਪਾਠ ਨਹੀਂ ਕਰ ਸਕਦੇ। ਕਈ ਥਾਵਾਂ ਤੇ ਤਾਂ ਰਹਿਤ ਮਰਿਯਾਦਾ ਵਾਲਾ ਇੱਕ ਵੀ ਪਾਠੀ ਸਿੰਘ ਨਹੀਂ ਹੈ।

ਪ੍ਰੋ. ਗੁਰਮੁਖ ਸਿੰਘ ਸਹਿਗਲ ਨੇ ਆਪਣੇ ਸਫ਼ਰਨਾਮੇ ਵਿੱਚ ਲਹੌਰ ਸ਼ਹਿਰ ਦੀ ਇਮਾਰਤਸਾਜ਼ੀ ਦੀ ਚੰਗੀ ਝਲਕ ਵਿਖਾਈ ਹੈ। ਲਹੌਰ ਦੇ ਨਾਲ ਰਾਵੀ ਦੇ ਦਰਸ਼ਨ ਕਰਦਿਆਂ ਲੇਖਕ ਨੂੰ ਭਾਵਕ ਹੋ ਕੇ ਪ੍ਰੋ. ਮੋਹਨ ਸਿੰਘ ਦੀ ਯਾਦ ਆਣ ਘੇਰਦੀ ਹੈ ਤੇ ਫੇਰ ਉਸ ਦੀਆਂ ਕਾਵਿ ਸਤਰਾਂ "ਸੱਕ ਮਲਦੀਆਂ ਰਾਵੀ ਦੇ ਪੱਤਣਾ ਤੇ, ਅੱਗ ਲਾਉਣ ਲਾਹੌਰਨਾਂ ਚੱਲੀਆਂ ਨੇ" ਗੁਣ ਗੁਣਾਉਣ ਲੱਗਦਾ ਹੈ। ਲੇਖਕ ਮੁੜ ਮੁੜ ਕੇ ਪੰਜਾਬੀ ਅਦੀਬਾਂ ਦੀ ਗੱਲ ਕਰਦਾ ਹੈ ਤਾਂ ਮਨ ਵਿਆਕੁਲ ਹੁੰਦਾ ਹੈ ਕਿ ਕਿਹੋ ਜਿਹੀ ਹੋਵੇਗੀ ਉਹ ਮਿੱਟੀ ਜਿਸ ਨੇ ਇੱਡੇ ਮਹਾਨ ਸ਼ਾਇਰਾਂ ਨੂੰ ਜਨਮ ਦਿੱਤਾ ਹੈ।

ਸਫ਼ਰਨਾਮੇ ਅਨੁਸਾਰ ਜਿੱਥੇ ਲੇਖਕ ਆਪਣੀ ਬਲ ਬੁੱਧੀ ਦੇ ਸਹਾਰੇ ਸਮਾਜਿਕ ਚੇਤੰਨਤਾ ਦੇ ਪ੍ਰਸੰਗ ਵਿੱਚ ਜਾਣਕਾਰੀ ਇਕੱਤਰ ਕਰਨ ਵਿੱਚ ਰੁਝਿਆ ਰਿਹਾ ਉੱਥੇ ਕੁਝ ਕੁ ਨੂੰ ਛੱਡ ਕੇ ਬਾਕੀ ਦੇ ਯਾਤਰੀ ਆਪਣੀ ਇੱਧਰ ਵਾਲੀ ਆਦਤਵਸ ਲੰਗਰਾਂ ਵਿੱਚ ਅਨੁਸ਼ਾਸਨ ਨਹੀਂ ਦਿਖਾਉਂਦੇ। ਕੁਝ ਯਾਤਰੀ ਤਾਂ ਵਪਾਰਕ ਦ੍ਰਿਸ਼ਟੀ ਤੋਂ ਹੀ ਯਾਤਰਾ ਤੇ ਜਾਂਦੇ ਹਨ। ਸਫ਼ਰਨਾਮਾ ਇਹ ਵੀ ਦੱਸਦਾ ਹੈ ਕਿ ਪਾਕਿਸਤਾਨ ਦੀ ਯਾਤਰਾ ਕਰਨ ਵੇਲੇ ਯਾਤਰੀਆਂ ਨੂੰ ਬੇਅੰਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੇਖਕ ਦਾ ਸੁਝਾਅ ਹੈ ਕਿ ਆਸ਼ਿਕ ਰਹੀਲ ਵਰਗੇ ਸੱਜਣ ਪੁਰਸ਼ਾਂ ਤੋਂ ਦੋਹਾਂ ਸਰਕਾਰਾਂ ਨੂੰ ਕੋਈ ਸਬਕ ਸਿੱਖਣਾ ਚਾਹੀਦਾ ਹੈ ਤਾਂ ਕਿ ਮਹਿਮਾਨ ਨਿਵਾਜ਼ੀ ਦੇ ਅਰਥ ਮਹਿਮਾਨ ਨਿਵਾਜ਼ੀ ਹੀ ਰਹਿਣ।

# ਸੁਰ ਲਿਪੀਆਂ

ਉੱਤਮ ਸਿੰਘ

409, ਫੇਜ਼ 3ਬੀ-1, ਮੋਹਾਲੀ

**ਰਾਗ ਸੋਰਠਿ**

**ਆਰੋਹ :** ਸ ਰ ਮ ਪ ਨ ਸਂ। **ਅਵਰੋਹ :** ਸਂ ਰਂ ਨੁ ਧ ਮ ਰ<sup></sup>ਗ, ਨ਼ ਸ। .

**ਥਾਟ :** ਖਮਾਜ **ਜਾਤੀ :** ਓਡਵ-ਖਾਡਵ। ਗੰਧਾਰ ਮ ਰ ਦੀ ਮੀਂਡ ਨਾਲ ਲਗਾਓ। **ਸਮਾਂ :** ਰਾਤ ਦਾ ਦੂਜਾ ਪਹਿਰ

**ਵਾਦੀ :** ਰ **ਸੰਵਾਦੀ :** ਧ। ਅਰੋਹ ਵਿਚ ਗ ਤੇ ਧ ਵਰਜਿਤ। ਅਵਰੋਹ ਵਿਚ ਗ ਦਾ ਪ੍ਰਯੋਗ ਸਿਰਫ ਮੀਂਡ ਦੁਆਰਾ।

**ਪਕੜ :** ਰ ਮ ਪ ਨ, ਸਂ ਨੁ ਧ ਮ ਪ ਧ, ਮ ਰ ਨ਼ ਸ।

ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | | | | ਰੇ | ਮ | ਪ | ਨੀ | ਨੀ |
| | | | | | | | | | | | *ਹ* | *ਰਿ* | *ਰ* | *ऽ* | *ਸੁ* |
| ਸਂ | – | – | – | ਨੁੀਧ | ਪ | ਪ | ਧ | ਮ | ਗ | ਰੇ | | | | | |
| *ਧੀ* | *ऽ* | *ऽ* | *ऽ* | *ऽऽ* | *ऽ* | *ਵ* | *ਹੁ* | *ਭਾ* | *ऽ* | *ਈ* | | | | | |
| | | | | | | | | | | | ਮ | ਗ | ਰੇ | ਸ | ਨ਼ੀ |
| | | | | | | | | | | | *ਨਾ* | *ऽ* | *ਮੁ* | *ऽ* | *ਜ* |
| ਸ | – | ਸ | – | ਰੇ | ਮ | ਪ | ਨੁੀ | ਧ | ਪ | ਪ | ਰੇ | ਮ | ਪ | ਨੀ | ਨੀ |
| *ਪਹੁ* | *ऽ* | *ਨਾ* | *ऽ* | *ਮੋ* | *ऽ* | *ਆ* | *ऽ* | *ਗਾ* | *ऽ* | *ਧਹੁ* | *ਗੁ* | *ਰ* | *ਪੂ* | *ऽ* | *ਰੇ* |
| ਸਂ | – | – | – | ਨੁੀਧ | ਪ | ਪ | ਧ | ਮ | ਗ | ਰੇ | | | | | |
| *ਕੀ* | *ऽ* | *ऽ* | *ऽ* | *ऽऽ* | *ऽ* | *ਸ* | *ਰ* | *ਨਾ* | *ऽ* | *ਈ* | | | | | |
| *ਅੰਤਰਾ* | | | | | | | | | | | | ਮ | ਪ | ਨੀ | ਨੀ |
| | | | | | | | | | | | | *ਸ* | *ਰ* | *ਬ* | *ਸੁ* |
| ਨੀ | – | ਨੀ | – | ਨੀ | ਸਂ | ਰੇਂ | ਸਂ | ਨੀ | ਨੀ | ਸਂ | ਸਂ | ਰੇਂ | ਮਂ | ਮਂ | – |
| *ਖਾ* | *ऽ* | *ਕਾ* | *ऽ* | *ਦਾ* | *ऽ* | *ਤਾ* | *ऽ* | *ਸ* | *ਤਿ* | *ਗੁ* | *ਰੁ* | *ਤਾ* | *ऽ* | *ਕੀ* | *ऽ* |
| ਗਂ | ਰੇਂ | ਸਂ | ਰੇਂ | ਨੀ | – | ਸਂ | – | – | – | – | – | ਸਂ | ਰੇਂ | ਰੇਂ | ਰੇਂ |
| *ਸ* | *ਰ* | *ਨੀ* | *ऽ* | *ਪਾ* | *ऽ* | *ऽਈ* | *ਐ* | *ऽ* | *ऽ* | *ऽ* | *ऽ* | *ਦ* | *ਰ* | *ਸ* | *ਨੁ* |
| ਰੇਂ | – | ਰੇਂ | ਰੇਂ | ਸਂ | – | ਰੇਂ | ਸਂ | ਨੀ | – | ਸਂ | – | ਸਂ | – | ਸਂ | ਰੇਂ |
| *ਭੇ* | *ऽ* | *ਟ* | *ਤ* | *ਹੋ* | *ऽ* | *ਤ* | *ਅ* | *ਨੰ* | *ऽ* | *ਦਾ* | *ऽ* | *ਦੂ* | *ऽ* | *ਖ* | *ਗਇ* |
| ਸਂ | ਨੁੀ | ਧ | ਪ | ਪਨੁੀ | ਧਧ | ਪਧ | ਪਮ | ਮਪ | ਮਗ | ਰੇਰੇ | | | | | |
| *ਆ* | *ऽ* | *ਹ* | *ਰਿ* | *ਗਾऽ* | *ऽऽ* | *ऽऽ* | *ऽऽ* | *ऽऽ* | *ऽऽ* | *ਈਐ* | | | | | |
| X | | | | 2 | | | | 0 | | | | 3 | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਸਰਬ ਸੁਖਾ ਕਾ, ਦਾਤਾ ਸਤਿਗੁਰੁ ਤਾਕੀ ਸਰਨੀ ਪਾਈਐ ॥ | The True Guru is the giver of all the comforts. Seek thou his protection, O man. | ਸਚੇ ਗੁਰੂ ਜੀ ਸਾਰਿਆਂ ਆਰਾਮਾਂ ਦੇ ਦੇਣ ਵਾਲੇ ਹਨ। ਤੂੰ ਉਨ੍ਹਾਂ ਦੀ ਪਨਾਹ ਲੈ, ਹੇ ਬੰਦੇ! |
| ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥੧॥ | Seeing his sight, bliss ensues, pain is dispelled, and the man hymns God's praise. | ਉਨ੍ਹਾਂ ਦਾ ਦੀਦਾਰ ਦੇਖਣ ਦੁਆਰਾ ਖੁਸ਼ੀ ਉਤਪਨ ਹੁੰਦੀ ਹੈ, ਪੀੜ ਦੂਰ ਹੋ ਜਾਂਦੀ ਹੈ ਤੇ ਬੰਦਾ ਹਰੀ ਦਾ ਜੱਸ ਗਾਉਂਦਾ ਹੈ। |
| ਹਰਿ ਰਸੁ ਪੀਵਹੁ ਭਾਈ ॥ | O brother, quaff thou the God's elixir. | ਹੇ ਵੀਰ! ਤੂੰ ਵਾਹਿਗੁਰੂ ਦੇ ਅੰਮ੍ਰਿਤ ਨੂੰ ਪਾਨ ਕਰ। |
| ਨਾਮੁ ਜਪਹੁ ਨਾਮੋ ਆਰਾਧਹੁ ਗੁਰਪੂਰੇ ਕੀ ਸਰਨਾਈ ॥ | Utter thou the Name, remember the Name and enter thou the Perfect Guru's sanctuary. | ਤੂੰ ਨਾਮ ਨੂੰ ਉਚਾਰ, ਨਾਮ ਦਾ ਸਿਮਰਨ ਕਰ ਅਤੇ ਤੂੰ ਪੂਰਨ ਗੁਰਾਂ ਦੀ ਪਨਾਹ ਲੈ। |
| ਰਹਾਉ ॥ | Pause. | ਠਹਿਰਾਉ। |
| ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ ॥ | He alone receives the Name, who is so pre-destined, He alone becomes perfect O brother. | ਕੇਵਲ ਉਹੀ ਨਾਮ ਨੂੰ ਪਾਉਂਦਾ ਹੈ, ਜਿਸ ਦੇ ਭਾਗਾਂ ਵਿਚ ਮੁੱਢ ਤੋਂ ਐਸੀ ਲਿਖਤਕਾਰ ਹੈ। ਕੇਵਲ ਓਹੀ ਮੁਕੰਮਲ ਹੁੰਦਾ ਹੈ, ਹੇ ਭਰਾ! |
| ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ ॥੨॥੨੫॥੮੯॥ | O sire Lord, Nanak's prayer is, that he may remain absorbed in the love of Thy Name. | ਹੇ ਮਹਾਰਾਜ ਮਾਲਕ! ਨਾਨਕ ਦੀ ਅਰਦਾਸ ਹੈ ਕਿ ਉਹ ਤੇਰੇ ਨਾਮ ਦੀ ਪ੍ਰੀਤ ਅੰਦਰ ਲੀਨ ਹੋਇਆ ਰਹੇ। |

# ਆਓ ਕੁਝ ਕਰੀਏ

ੴ ਸਤਿਗੁਰ ਪ੍ਰਸਾਦਿ

*ਕੁਲਦੀਪ ਸਿੰਘ*

Tel # (718) 847-0135
Post Box No. 190082
South Richmond Hill
New York - 11419 (USA)
skuldipsingh@hotmail.com

ਸਤਿਕਾਰਯੋਗ ਸਰਦਾਰ ਸਾਹਿਬ/ਭੈਣ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹਿ।

ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਨੂੰ ਯੋਗ ਸਿਖਲਾਈ ਦੇਣ ਦੀ ਜੋ ਯੋਜਨਾ ਬਣਾਈ ਗਈ ਸੀ ਉਸ ਦਾ ਆਰੰਭ ਨਵੀਂ ਦਿੱਲੀ ਵਿਚ ਮਾਰਚ 16 ਤੋਂ ਮਾਰਚ 22, 2003 ਤੱਕ ਕੀਤਾ ਗਿਆ। ਹੁਣ ਭਾਰਤ ਦੇ ਬਾਕੀ ਹਿੱਸਿਆਂ ਵਿਚ ਰਹਿੰਦੇ ਯੋਗ ਅੰਮ੍ਰਿਤ ਧਾਰੀ ਸਿੰਘ ਸਿੰਘਣੀਆਂ ਨੂੰ ਸਿਖਲਾਈ ਦੇਣ ਲਈ ਅਗਲੇ ਕੁਝ ਮਹੀਨਿਆਂ ਪਿੱਛੋਂ ਭੂਪਾਲ, ਕੋਲਕਾਤਾ ਤੇ ਮੁੰਬਈ ਵਿਚ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਇਸ ਲਈ ਆਪ ਕਿਰਪਾ ਕਰਕੇ ਭਾਰਤ ਭਰ ਵਿਚੋਂ ਉਨ੍ਹਾਂ ਅੰਮਤਿ ਧਾਰੀ ਸਿੰਘਾਂ ਤੇ ਸਿੰਘਣੀਆਂ ਦੇ ਪਤੇ ਤੇ ਟੈਲੀਫ਼ੂਨ ਨੰਬਰ ਭੇਜਣ ਦੀ ਕਿਰਪਾ ਕਰੋ ਜਿਹੜੇ ਅਕਾਲ ਪੁਰਖ ਤੇ ਗੁਰੂ ਦੇ ਭਾਉ ਅਤੇ ਭੈ ਵਿੱਚ ਰਹਿਣ ਵਾਲੇ ਹੋਣ। ਇਹ ਸੇਵਾ ਭਾਵੀ ਤੇ ਪੰਥ ਦਰਦੀ ਹੋਣ ਅਤੇ ਇਨ੍ਹਾਂ ਦਾ ਸਰਗਰਮ ਸੰਬੰਧ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਨਾ ਹੋਵੇ।

ਨਵੀਂ ਦਿੱਲੀ ਵਿਖੇ ਲਾਏ ਗਏ ਸਿਖਲਾਈ ਕੈਂਪ ਦੀ ਰਿਪੋਰਟ ਦੀ ਇੱਕ ਕਾਪੀ ਆਪ ਦੇ ਗਿਆਤ ਲਈ ਭੇਜੀ ਜਾ ਰਹੀ ਹੈ।

ਸੋ ਆਪ ਚਿੱਠੀ ਜਾਂ ਈ ਮੇਲ ਰਾਹੀਂ ਆਪਣਾ ਉੱਤਰ 15 ਦਿਨਾਂ ਦੇ ਅੰਦਰ ਅੰਦਰ ਦੇਣ ਸਮੇਂ ਘਰ ਦਾ ਪਤਾ ਤੇ ਟੈਲੀਫ਼ੂਨ ਨੰਬਰ ਜ਼ਰੂਰ ਭੇਜਣ ਦੀ ਕਿਰਪਾ ਕਰਨਾ।

*ਸੰਗਤਾਂ ਦਾ ਦਾਸ*
*ਕੁਲਦੀਪ ਸਿੰਘ*

# ਸਿੱਖ ਸੇਵਾਦਾਰ ਸਿਖਲਾਈ ਕੈਂਪ ਦੀ ਰਿਪੋਰਟ

**ਜਸਵੰਤ ਕੌਰ**

69/1, ਚੰਦਰ ਨਗਰ, ਆਲਮਬਾਗ, ਲਖਨਊ

16 ਮਾਰਚ 2003 ਤੋਂ 22 ਮਾਰਚ ਤੱਕ ਗੁਰਦੁਆਰਾ ਭਾਈ ਜੋਗਾ ਸਿੰਘ, ਈਸਟ ਪਟੇਲ ਨਗਰ, ਨਵੀਂ ਦਿੱਲੀ ਵਿਖੇ ਸਿੱਖ ਸੇਵਾਦਾਰਾਂ ਦੀ ਟਰੇਨਿੰਗ ਲਈ ਇਕ ਕੈਂਪ ਲਗਾਇਆ ਗਿਆ। ਇਹ ਕੈਂਪ ਭਾਰਤ ਵਿਚ ਹੋਣ ਵਾਲੇ ਚਾਰ ਟਰੇਨਿੰਗ ਕੈਂਪਾਂ ਵਿਚੋਂ ਪਹਿਲਾਂ ਟਰੇਨਿੰਗ ਕੈਂਪ ਸੀ। ਬਾਕੀ ਦੇ ਟਰੇਨਿੰਗ ਕੈਂਪ ਅਗਲੇ ਸਾਲ ਮਾਰਚ 2004 ਤੱਕ ਭੁਪਾਲ, ਕਲਕੱਤਾ ਅਤੇ ਬੰਬਈ ਵਿਚ ਲਾਣ ਦੀ ਆਸ ਕੀਤੀ ਜਾਂਦੀ ਹੈ। ਇਸ ਕੈਂਪ ਵਿਚ ਟਰੇਨਿੰਗ ਲੈਣ ਲਈ, ਉਨ੍ਹਾਂ ਚੋਣਵੇਂ ਅੰਮ੍ਰਿਧਾਰੀ ਸਿੰਘ-ਸਿੰਘਣੀਆਂ, ਜਿਹੜੇ ਗੁਰੂ ਅਤੇ ਅਕਾਲ ਪੁਰਖ ਦੇ ਭਉ ਅਤੇ ਭੈ ਰਹਿਣ ਵਾਲੇ, ਪੰਥ ਦਰਦੀ, ਸੇਵਾ ਭਾਵੀ ਅਤੇ ਜਿਨ੍ਹਾਂ ਦਾ ਸਬੰਧ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਨਹੀਂ ਸੀ, ਨੂੰ ਬੁਲਾਇਆ ਗਿਆ।

ਟਰੇਨਿੰਗ ਕੈਂਪ ਦਾ ਆਰੰਭ ਅਰਦਾਸ ਤੋਂ ਹੋਇਆ। ਫਿਰ ਸ. ਕੁਲਦੀਪ ਸਿੰਘ ਜੀ ਨੇ ਇਸ ਟਰੇਨਿੰਗ ਕੈਂਪ ਦੀ ਮਹੱਤਤਾ ਤੇ ਰੌਸ਼ਨੀ ਪਾਈ ਅਤੇ ਦੱਸਿਆ ਕਿ ਸੰਸਾਰ ਭਰ ਵਿਚ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਨੂੰ ਯੋਗ ਸਿਖਲਾਈ ਦੇਣ ਲਈ ਅਜੇ ਤੱਕ ਕੋਈ ਵੀ ਕਦਮ ਨਹੀਂ ਉਠਾਇਆ ਗਿਆ। ਇਹ ਪਹਿਲਾ ਮੌਕਾ ਹੈ ਜਦੋਂ ਕਿ ਅਜਿਹੀ ਲੁੜੀਂਦੀ ਸਿਖਲਾਈ ਲਈ ਯੋਜਨਾ ਬਣਾਈ ਗਈ ਹੈ। ਇਸ ਯੋਜਨਾ ਵਿਚ ਹੇਠ ਲਿਖੇ ਮਜ਼ਮੂਨਾਂ ਤੇ ਵਿਚਾਰ ਕੀਤੀ ਗਈ -

1. ਗੁਰਮਤਿ (ਭਿੰਨ ਭਿੰਨ ਪੱਖ)
2. ਸਿੱਖ ਇਤਿਹਾਸ ਦਾ ਵਿਸ਼ਲੇਸ਼ਣ ਅਤੇ ਉਸਤੋਂ ਮਿਲਦੇ ਸਬਕ।
3. ਅਜੋਕੀਆਂ ਸਿੱਖ ਸਮੱਸਿਆਵਾਂ ਅਤੇ ਉਨ੍ਹਾਂ ਦੇ ਉਪਾਅ।
4. ਸਿੱਖ ਸਾਈਕੀ- ਭੂਤ, ਵਰਤਮਾਨ ਤੇ ਭਵਿੱਖ।
5. ਭਾਸ਼ਣ ਦੇਣ ਦੀ ਕਲਾ ਤੇ ਵਿਗਿਆਨ।
6. ਲੋਕ ਸੰਪਰਕ ਅਤੇ ਪਬਲੀਸਿਟੀ।
7. ਇਕੱਤਰਤਾਵਾਂ ਦੀ ਯੋਜਨਾ ਅਤੇ ਉਨ੍ਹਾਂ ਰਾਹੀਂ ਮਿੱਥੇ ਹੋਏ ਟੀਚਿਆਂ ਨੂੰ ਪ੍ਰਾਪਤ ਕਰਨਾ।
8. ਫੰਡ-ਰੇਜ਼ਿੰਗ।
9. ਸੇਵਾ-ਸੰਸਥਾਵਾਂ ਦੀ ਯੋਗ ਸਾਂਭ-ਸੰਭਾਲ।
10. ਸਿੱਖ ਤੇ ਵਿੱਦਿਆ।
11. ਸੰਸਥਾਵਾਂ ਤੇ ਪ੍ਰਸਤਾਵਿਤ ਵਿਧਾਨ।

ਇਸ ਕੈਂਪ ਵਿਚ ਲਏ ਗਏ ਵੱਖ ਵੱਖ ਮਜ਼ਮੂਨਾਂ ਤੇ ਵਿਚਾਰ ਕਰਨ ਲਈ, ਸਿੱਖ ਪੰਥ ਦੇ ਉੱਚ ਕੋਟੀ ਦੇ ਵਿਦਵਾਨਾਂ ਨੂੰ ਲੈਕਚਰ ਦੇਣ ਲਈ ਬੇਨਤੀ ਕੀਤੀ ਗਈ। ਸਿਖਿਆਰਥੀਆਂ ਦੇ ਅਨੁਸਾਰ ਇਹ ਕੈਂਪ ਪੂਰੀ ਤਰ੍ਹਾਂ ਸਫਲ ਰਿਹਾ ਪਰ ਇਸ ਕੈਂਪ ਵਿਚ ਵਿਚਾਰਨ ਵਾਲੇ ਮਜ਼ਮੂਨ ਇਤਨੇ ਗੰਭੀਰ ਸਨ ਕਿ ਇਤਨੇ ਘੱਟ ਸਮੇਂ ਵਿਚ ਤਾਂ ਉਨ੍ਹਾਂ ਦੀ ਕੇਵਲ ਉਥਾਨਕਾ ਹੀ ਦਿੱਤੀ ਜਾ ਸਕਦੀ ਸੀ ਕੇਵਲ ਇਹੀ ਕੀਤਾ ਗਿਆ ਹੈ। ਪਹਿਲਾਂ ਇਸ ਦੀ ਟਰੇਨਿੰਗ ਦੇਣ ਦੀ ਯੋਜਨਾ ਛੇ ਮਹੀਨਿਆਂ ਦੀ ਸੀ। ਕੁਝ ਸੁਝਾਵਾਂ ਪਿਛੋਂ ਇਸਨੂੰ ਤਿੰਨ ਮਹੀਨੇ, ਫਿਰ ਤਿੰਨ ਹਫਤੇ ਅਤੇ ਅੰਤ ਵਿਚ ਇਕ ਹਫਤੇ ਤਕ ਸੀਮਿਤ ਕਰ ਦਿੱਤਾ ਗਿਆ। ਇਸ ਥੋੜੇ ਸਮੇਂ ਵਿਚ ਪੂਰੀ ਸਿਖਲਾਈ ਦੇਣੀ ਅਸੰਭਵ ਸੀ। ਸਵੇਰੇ ਨੌਂ ਵਜੇ ਤੋਂ ਦੁਪਹਿਰ ਡੇਢ ਵਜੇ ਤੱਕ ਅਤੇ ਫਿਰ ਢਾਈ ਵਜੇ ਦੁਪਹਿਰ ਤੋਂ ਸਾਢੇ ਸੱਤ ਵਜੇ ਰਾਤ ਤੱਕ ਦਾ ਸਮਾਂ ਵਧੇਰੇ ਨਹੀ ਸੀ। ਸਵੇਰ ਅਤੇ ਸ਼ਾਮ ਦੇ ਸੈਸ਼ਨ ਵਿਚਕਾਰ ਪੰਦਰਾਂ ਮਿੰਟ ਦੀ 'ਚਾਹ ਬ੍ਰੇਕ' ਵੀ ਰੱਖੀ ਗਈ ਸੀ। ਸਮੇਂ ਦੀ ਘਾਟ ਕਾਰਨ ਕੁਝ ਮਜ਼ਮੂਨ ਅਜੇ ਵੀ ਅਣਛੁਹੇ ਰਹਿ ਗਏ ਹਨ।

ਇਸ ਤਰ੍ਹਾਂ ਇਹ 'ਸਿੱਖ ਸੇਵਾਦਾਰ ਸਿਖਲਾਈ ਕੈਂਪ' ਸਭ ਦੇ ਹਿਰਦਿਆਂ ਵਿਚ ਪੰਥ ਦੀ ਸੇਵਾ ਕਰਨ ਦਾ ਉਦਮ ਤੇ ਚਾਅ ਪੈਦਾ ਕਰਦਾ ਹੋਇਆ ਸੰਪੂਰਨ ਹੋਇਆ।